# ਸਾਦੇ ਵਿਆਹ
# ਸਾਦੇ ਭੋਗ

ਉਤਸ਼ਾਹ
UTSHAH
PAU

# ਨਾ ਕਰਜ਼ਾ
# ਨਾ ਚਿੰਤਾ ਰੋਗ

**Simple Wedding, Simple Ceremonies**
**Neither Debt, Nor Worries**

## ਸੁਨੇਹਾ




ਡਾ. ਢਿਲੋਂ ਕਿਸਾਨ ਮੇਲੇ ਸਮੇਂ ਸ. ਗੁਲਜ਼ਾਰ ਸਿੰਘ, ਪਿੰਡ ਕੱਟੂ, ਵਲੋਂ ਦਿੱਤੇ ਸੁਨੇਹੇ ਨੂੰ ਸਲਾਹੁੰਦੇ ਹੋਏ।

ਵਿਆਹਾਂ, ਭੋਗਾਂ ਤੇ ਸਮਾਜਿਕ ਰਸਮਾਂ ਉੱਪਰ ਅਤੇ ਹੋਰ ਬੇਲੋੜੇ ਖਰਚਿਆਂ ਤੋਂ ਬਚੀਏ।

ਵਿਖਾਵੇ ਤਿਆਗੀਏ - ਸਾਦਗੀ ਅਪਣਾਈਏ।

ਸਾਦਗੀ ਵਰਗਾ ਹੋਰ ਵੱਡਾ ਗੁਣ ਨਹੀਂ।

**ਬਲਦੇਵ ਸਿੰਘ ਢਿੱਲੋਂ**
ਵਾਈਸ ਚਾਂਸਲਰ
ਪੰਜਾਬ ਐਗਰੀਕਲਚਰਲ ਯੂਨੀਵਰਸਿਟੀ
ਲੁਧਿਆਣਾ

## ਚਾਦਰ ਨਾਲੋਂ ਵੱਧ ਪਸਾਰੇ ਪੈਰ

ਸਿਆਣਿਆਂ ਦਾ ਬਹੁਤ ਸੁੰਦਰ ਅਖਾਣ ਹੈ :

**ਹੱਥ ਘੁੱਟ ਕੇ ਕੀਤੇ ਗਏ ਖਰਚੇ ਜ਼ਿੰਦਗੀ ਬਣਾ ਦਿੰਦੇ ਹਨ**
**ਚਾਦਰ ਨਾਲੋਂ ਵੱਧ ਪਸਾਰੇ ਪੈਰ ਮੰਗਣ ਲਗਾ ਦਿੰਦੇ ਹਨ।**

ਸਮਾਜਿਕ ਸਮਾਗਮਾਂ ਸਮੇਂ ਲੋੜ ਨਾਲੋਂ ਵੱਧ ਖਰਚੇ ਕਰਨੇ, ਵਿਖਾਵੇ ਕਰਨੇ ਦਿਨ ਪ੍ਰਤੀ ਦਿਨ ਵੱਧਦੇ ਜਾ ਰਹੇ ਹਨ। ਜਿਸ ਕਰਕੇ ਆਮ ਲੋਕਾਂ ਵਿਚ - ਪਰੇਸ਼ਾਨੀ, ਬੇਚੈਨੀ ਅਤੇ ਤੰਗੀ ਵੱਧ ਰਹੀ ਹੈ। ਸਭ ਕੁਝ ਹੁੰਦੇ ਹੋਇਆਂ ਵੀ ਸਾਦਗੀ ਵਿਚ ਰਹਿਣਾ ਬਹੁਤ ਵੱਡੀ ਸਿਆਣਪ ਹੈ।

ਆਓ ! ਪਰਿਵਾਰਿਕ ਖੁਸ਼ੀਆਂ-ਗਮੀਆਂ ਮੌਕੇ ਸਾਦਗੀ ਦਾ ਪੱਲਾ ਘੁੱਟ ਕੇ ਫੜੀ ਰਖੀਏ। ਲੋਕਾਂ ਦੇ ਕਹਿਣ ਦੀ ਪਰਵਾਹ ਨਾਹ ਕਰੀਏ। ਇਸੇ ਵਿਚ ਹੀ ਸਮੁਚੇ ਸਮਾਜ ਦਾ ਭਲਾ ਹੈ।

**ਗੁਰਿੰਦਰ ਕੌਰ ਸੰਘਾ**
ਡੀਨ
ਕਾਲਜ ਆਫ ਬੇਸਿਕ ਸਾਈਂਸਿਸ ਐਂਡ ਹਿਊਮੈਨੀਟੀਜ਼
ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ

# ਸਾਦੇ ਵਿਆਹ, ਸਾਦੇ ਭੋਗ
# ਨਾ ਕਰਜ਼ਾ, ਨਾ ਚਿੰਤਾ ਰੋਗ

ਖੇਤੀ ਪੱਤਰਕਾਰੀ, ਭਾਸ਼ਾਵਾਂ ਅਤੇ ਸਭਿਆਚਾਰਕ ਵਿਭਾਗ
ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ

**Sadde Viah Sadde Bhog** by
Dr. Sarabjeet Singh

© ਕੋਈ ਪ੍ਰਕਾਸ਼ਨ ਅਧਿਕਾਰ ਨਹੀਂ। ਕੋਈ ਵੀ ਸੱਜਣ/ਸੰਸਥਾ ਸਮਾਜ ਸੇਵਾ ਹਿਤ ਬਿਨਾਂ ਲਾਗਤ ਜਾਂ ਲਾਗਤ ਮਾਤਰ ਮੁੱਲ ਤੇ ਵੰਡ ਸਕਦੇ ਹਨ।

ਭੇਟਾ: ਆਪ ਪੜ੍ਹੀਏ, ਪੜ੍ਹਾਈਏ, ਅਮਲ ਕਰੀਏ ਤੇ ਲਹਿਰ ਚਲਾਈਏ।

ਪਹਿਲੀ ਛਾਪ (ਸਤੰਬਰ, 2017)
ਰਿਆਇਤੀ ਮੁੱਲ - ਕੇਵਲ 10 ਰੁਪਏ

ਸੰਕਲਨ ਤੇ ਸੰਪਾਦਨ
**ਡਾ. ਸਰਬਜੀਤ ਸਿੰਘ**
ਪ੍ਰੋਫ਼ੈਸਰ, ਪੱਤਰਕਾਰੀ
**ਖੇਤੀ ਪੱਤਰਕਾਰੀ, ਭਾਸ਼ਾਵਾਂ ਤੇ ਸੱਭਿਆਚਾਰ ਵਿਭਾਗ**
ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ।
ਮੋ. 09814612004

ਮੂਲ ਛਾਪ:
ਖੇਤੀ ਪੱਤਰਕਾਰੀ, ਭਾਸ਼ਾਵਾਂ ਤੇ ਸੱਭਿਆਚਾਰ ਵਿਭਾਗ
ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ।

Printed at
**FOIL Printers**, Ludhiana
Ph.: 0161-2404093
www.foilprintersludhiana.com

# ਤਤਕਰਾ


| | | |
|---|---|---|
| | ਦੋ ਸ਼ਬਦ... | 4 |
| **1.** | **ਸਾਦਗੀ ਦੀ ਸ਼ਾਨ** | **8** |
| 2. | ਸਾਦੀਆਂ ਰਸਮਾਂ - ਖੁਸ਼ੀਆਂ ਦਾ ਚਸ਼ਮਾ | 10 |
| **3.** | **ਸੰਜਮ ਤੇ ਸਾਦਗੀ** | **12** |
| 4. | ਪੰਜਾਬੀਆਂ ਵਿਚ ਵਿਖਾਵੇ ਦਾ ਹੋ ਰਿਹਾ ਵਾਧਾ | 15 |
| **5.** | **ਸੱਚੀ ਖੁਸ਼ੀ ਨਹੀਂ ਮਿਲ ਸਕਦੀ ਖਪਤਕਾਰੀ ਵਸਤੂਆਂ ਤੋਂ** | **19** |
| 6. | ਵਿਆਹ ਪੈਲੇਸ ਵਿਚ ਹੀ ਕਿਉਂ? | 23 |
| **7.** | **ਸਾਦੇ ਵਿਆਹ-ਸ਼ਾਦੀਆਂ ਦੀ ਪਿਰਤ ਪਾਈਏ** | **27** |
| 8. | ਵਿਖਾਵੇ ਵਾਲੀ ਮਾਨਸਿਕਤਾ | 29 |
| **9.** | **ਫਜ਼ੂਲ ਖਰਚਿਆਂ ਤੋਂ ਸੰਭਲੋ** | **32** |
| 10. | ਧੁੰਦਲੇ ਰਿਵਾਜ; ਉੱਜਲੇ ਬਿਊਟੀ ਪਾਰਲਰ | 33 |
| **11.** | **ਵਿਆਹ ਵਿੱਚ ਲੈਣ ਦੇਣ ਦੀ ਪ੍ਰਥਾ** | **37** |
| 12. | ਸੱਦਾ ਪੱਤਰ ਹੁਣ ਵਾਟਸਐਪ ਰਾਹੀਂ | 39 |
| **13.** | **ਮੰਜ਼ਿਲ ਵਿਆਹ (Destination Weddings)** | **41** |
| 14. | ਵਿਆਹ ਸਮੇਂ ਸ਼ਰਾਬ | 46 |
| **15.** | **ਫਜ਼ੂਲ ਖਰਚੀ - ਆਪ ਸਹੇੜੀ ਮੁਸੀਬਤ** | **49** |
| 16. | ...ਤੇ ਹੁਣ ਮਰਨਾ ਵੀ ਹੋਇਆ ਮਹਿੰਗਾ | 50 |
| **17.** | **ਚੱਪਾ ਕੁ ਚੰਨ ਤੇ ਮੁੱਠ ਕੁ ਤਾਰੇ......** | **52** |
| 18. | ਵਾਰਿਸ ਸ਼ਾਹ ਲੁਕਾਈਏ ਜੱਗ ਕੋਲੋਂ ਭਾਵੇਂ ਆਪਣਾ ਹੀ ਗੁੜ ਖਾਈਏ ਜੀ | 56 |
| **19.** | **ਵਿਆਹ ਸਮੇਂ ਗੀਤ-ਸੰਗੀਤ** | **60** |
| 20. | ਜੰਮਣਾ ਵੀ ਸੌਖਾ - ਮਰਨਾ ਵੀ ਸੌਖਾ | 61 |
| **21.** | **ਭਾਈਚਾਰਾ, ਬਿਨਾ ਨਹੀਂ ਕੋਈ ਚਾਰਾ** | **63** |
| 22. | ਵਿਆਹ - ਕਰਜ਼ੇ ਜਾਂ ਮੰਗਵੇਂ ਪੈਸਿਆਂ ਨਾਲ ਨਹੀਂ | 64 |
| **23.** | **Real preparations for wedding** | **65** |
| 24. | Extravagant Weddings: Voicing Concerns | 68 |
| **25.** | **Deteriorating condition of Punjabi Songs** | **70** |
| **26.** | **ਫੀਡ ਬੈਕ - ਪੁਸਤਕ ਸਾਦੇ ਵਿਆਹ ਸਾਦੇ ਭੋਗ** | **72** |

# ਦੋ ਸ਼ਬਦ...

ਸਾਦੇ ਵਿਆਹ ਦਾ ਮਤਲਬ ਇਹ ਨਹੀਂ ਹੈ ਕਿ ਬਿਲਕੁਲ ਬੇਰੌਣਕਾ ਵਿਆਹ, ਕੇਵਲ 5-7 ਬਰਾਤੀਆਂ ਵਾਲਾ ਵਿਆਹ, 500-1000 ਰੁਪਏ ਦੇ ਖਰਚੇ ਵਾਲਾ ਵਿਆਹ.....।

ਬਲਕਿ ਸਾਦਾ ਵਿਆਹ ਭਾਵ ਹੈ ਜਿਥੇ ਬੇਲੋੜਾ ਇਕੱਠ ਨਹੀਂ, ਵਾਧੂ ਸਜਾਵਟ ਨਹੀਂ, ਪੈਲਸਾਂ ਵਿਚ ਪਕਵਾਨਾਂ ਦਾ ਵਿਖਾਵਾ ਨਹੀਂ, ਵਾਧੂ ਸਮਾਗਮ ਨਹੀਂ, ਕੇਵਲ ਇਕ ਹੀ ਵਾਰੀ ਪਾਈ ਜਾਣ ਵਾਲੀ ਮਹਿੰਗੀ ਵਿਆਹ ਵਾਲੀ ਪੋਸ਼ਾਕ ਨਹੀਂ............।

ਸੰਖੇਪ ਵਿਚ ਜੇ ਕਹਿਣਾ ਹੋਵੇ ਤਾਂ ਸਾਦਾ ਵਿਆਹ ਹੈ ਘੱਟ ਸਮਾਗਮ, ਘੱਟ ਮਹਿਮਾਨ, ਘਟ ਪਕਵਾਨ, ਕੋਈ ਵਿਖਾਵਾ ਨਹੀਂ ਪਰ ਵੱਧ ਹਾਸਾ-ਠੱਠਾ, ਵੱਧ ਦਾਨ ਤੇ ਵੱਧ ਮਾਣ।

ਹੁਣੇ ਹੀ ਲੁਧਿਆਣਾ ਦਾ ਇਕ ਵਿਆਹ ਮਿਸਾਲ ਹੋ ਨਿਬੜਿਆ।

1. ਦੋਹਾਂ ਪਰਿਵਾਰਾਂ ਨੇ ਕੇਵਲ ਇਕ-ਇਕ ਸਮਾਗਮ ਹੀ ਕੀਤਾ ਉਹ ਵੀ ਸਾਂਝਾ। ਲੜਕੇ ਵਾਲਿਆਂ ਨੇ ਰਾਤ ਨੂੰ ਲੇਡੀਜ਼ ਸੰਗੀਤ ਕੀਤਾ ਤੇ ਲੜਕੀ ਵਾਲਿਆਂ ਨੇ ਅਨੰਦ ਕਾਰਜ।
2. ਲੇਡੀਜ਼ ਸੰਗੀਤ ਤੇ ਮਹਿਮਾਨ ਦੋਹਾਂ ਪਰਿਵਾਰਾਂ ਦੇ ਮਿਲਾ ਕੇ 150 ਤੋਂ ਵੱਧ ਨਹੀਂ ਸਨ ਅਤੇ ਅਨੰਦ ਕਾਰਜ ਸਮੇਂ 350 ਦੇ ਕਰੀਬ।
3. ਦੋਹਾਂ ਸਮਾਗਮਾਂ ਤੇ ਕੋਈ ਬੇਲੋੜੀ ਸਜਾਵਟ, ਲਾਈਟਾਂ ਆਦਿ ਨਹੀਂ ਸਨ ਤੇ ਯਤਨ ਕੀਤਾ ਗਿਆ ਕਿ ਕੇਵਲ ਪੌਸ਼ਟਿਕ ਖਾਣਾ ਹੀ ਹੋਵੇ। ਜਿਵੇਂ ਕੋਲਡ ਡਰਿੰਕ ਦੀ ਥਾਂ ਤੇ ਲੱਸੀ ਤੇ ਨਿੰਬੂ ਪਾਣੀ, ਆਦਿ।
4. ਹੱਥ ਦੀ ਇਕ ਮੁੰਦਰੀ ਤੋਂ ਇਲਾਵਾ ਕੋਈ ਸੋਨਾ, ਗਹਿਣਾ ਨਵਾਂ ਨਹੀਂ ਖਰੀਦਿਆ। ਕਹਿੰਦੇ ਜੇ ਸੋਨਾ ਔਖੇ ਸਮੇਂ ਦੀ ਲੋੜ ਲਈ ਦੇਣਾ ਹੀ ਹੈ ਤਾਂ ਫਿਰ ਸੁਨਿਆਰੇ ਨੂੰ ਢਲਵਾਈ ਤੇ ਬਣਵਾਈ ਦੇ ਵਾਧੂ ਪੈਸੇ ਕਿਉਂ ਦੇਈਏ।
5. ਲੇਡੀਜ਼ ਸੰਗੀਤ ਭਰਪੂਰ ਅਨੰਦ ਵਾਲਾ ਸਮਾਗਮ ਸੀ ਪਰ ਕੋਈ ਗਾਇਕ ਜਾਂ ਨੱਚਣ ਵਾਲੇ ਨਹੀਂ ਸਨ ਬੁਲਾਏ। ਸਗੋਂ ਦੋਹਾਂ ਪਰਿਵਾਰਾਂ ਦੇ ਬੱਚਿਆਂ ਤੋਂ ਲੈ ਕੇ ਵੱਡੀ ਉਮਰ ਵਾਲਿਆਂ ਨੇ ਆਪੋ ਆਪਣੇ ਗੁਣਾਂ ਦੇ ਜੌਹਰ ਦਾ ਪ੍ਰਗਟਾਵਾ ਕੀਤਾ।
6. ਅੰਮ੍ਰਿਤ ਵੇਲੇ 6 ਤੋਂ 8 ਵਜੇ ਤੱਕ ਆਸਾ ਦੀ ਵਾਰ ਦੇ ਕੀਰਤਨ ਦੇ ਨਾਲ ਹੀ ਲਾਵਾਂ ਹੋਈਆਂ। ਵਿਸ਼ੇਸ਼ ਤੌਰ ਤੇ ਵਿਦਵਾਨ ਬੁਲਾਏ ਜਿਹਨਾਂ ਨੇ ਬੱਚਾ-ਬੱਚੀ ਦੋਹਾਂ ਨੂੰ ਮਰਯਾਦਾ ਤੇ ਜੀਵਨ ਜਾਚ ਦ੍ਰਿੜ ਕਰਵਾਈ। ਡੋਲੀ ਗੁਰਦੁਆਰਾ ਸਾਹਿਬ ਤੋਂ ਹੀ ਤੋਰੀ ਗਈ। ਭਾਵ ਹਰ ਰਸਮ ਵਿਚ ਸਾਦਗੀ ਤੇ ਅਨੰਦ ਭਰਨ

ਦੀ ਕੋਸ਼ਿਸ਼ ਕੀਤੀ ਗਈ। ਦੱਸ ਵਜੇ ਤੱਕ ਦੋਵੇਂ ਪਰਿਵਾਰ ਵਾਪਿਸ ਆਪਣੇ ਘਰ ਵੀ ਪੁੱਜ ਗਏ ਸਨ।

ਜੇ ਸਮਾਜ ਦੇ ਐਨਾ ਪੜੇ ਲਿਖੇ ਨੌਜਵਾਨ ਅਤੇ ਦੋਨੋਂ ਪਰਿਵਾਰ ਜੋ ਚੰਗੇ ਸਰਦੇ ਪੁੱਜਦੇ ਹਨ ਅਜਿਹਾ ਵਿਆਹ ਕਰ ਸਕਦੇ ਹਨ ਤੇ ਬਾਕੀ ਸਮਾਜ ਕਿਉਂ ਨਹੀਂ? ਦੋਹਾਂ ਪਰਿਵਾਰਾਂ ਨੇ ਵਿਖਾਵੇ ਤੋਂ ਬਚਾਈ ਗਈ ਮਾਇਆ, ਲਗਭਗ ਦੱਸ ਲੱਖ ਦੇ ਨਾਲ ਗਰੀਬ ਤੇ ਲੋੜਵੰਦ ਬੱਚਿਆਂ ਦੀ ਪੜ੍ਹਾਈ ਲਈ ਇਕ Aspirations Building ਫੰਡ ਵੀ ਕਾਇਮ ਕੀਤਾ।

ਨਾਮਵਰ ਇਤਿਹਾਸਕਾਰ ਪ੍ਰਿੰਸੀਪਲ ਨਰਿੰਦਰਪਾਲ ਸਿੰਘ ਜੀ ਨੇ ਬੜੀ ਖ਼ੂਬਸੂਰਤ ਗਲ ਸੁਣਾਈ। ਕਹਿੰਦੇ ਗੁਰੂ ਨਾਨਕ ਦੇਵ ਜੀ ਦੀ ਬਰਾਤ ਬੜੀ ਹੀ ਸਾਦੀ ਸੀ, ਸਾਧਾਰਨ ਸੀ। ਬਰਾਤ ਵੇਖ ਕੇ ਪਿੰਡ ਵਾਲੇ ਕਹਿਣ -- ‘ਪਟਵਾਰੀ ਦਾ ਮੁੰਡਾ ਹੈ, ਸਾਦਾ ਜਿਹਾ ਹੀ ਬਣ ਕੇ ਆ ਗਿਆ ਹੈ’। ਤਾਂ ਹੀ ਉਹਨਾਂ ਨੂੰ ਉਸ ਕੰਧ ਦੇ ਕੋਲ ਬਿਠਾਇਆ ਗਿਆ ਜੋ ਡਿਗਣ ਵਾਲੀ ਸੀ।

ਇਸੇ ਤਰਾਂ ਗੁਰੂ ਅਰਜਨ ਦੇਵ ਜੀ ਦੇ ਵਿਆਹ ਵਿਚ ਵੀ ਬਰਾਤ ਵਿਚ ਬਹੁਤੇ ਸਾਦੇ ਤੇ ਸਾਧਾਰਨ ਸਿਖ ਹੀ ਸ਼ਾਮਲ ਸਨ।ਲੋਕ ਹੈਰਾਨ ਸਨ ਕਿ ਉਂਝ ਤਾਂ ਇਹ ਗੁਰੂ ਹਨ ਬਰਾਤ ਕਿੰਨੀ ਹੀ ਆਮ ਜਿਹੀ ਲੈ ਕੇ ਆਏ ਹਨ। ਤਾਂ ਹੀ ਉਹਨਾਂ ਚਾਲ ਚਲੀ ਕਿ ਕਿੱਲਾ ਪੁਟੋਗੇ ਤਾਂ ਹੀ ਵਿਆਹ ਕੀਤਾ ਜਾਵੇਗਾ।

ਗੁਰ ਇਤਿਹਾਸ ਵਿਚ ਤਾਂ ਵਿਆਹਾਂ ਸਮੇਂ ਗਰੀਬਾਂ ਲਈ ਕਪੜੇ ਆਦਿ ਭੇਂਟ ਕਰਨ ਦੇ ਉਦਾਹਰਨ ਵੀ ਮਿਲਦੇ ਹਨ।

ਅੱਜ ਲੋੜ ਹੈ ਅਸੀਂ ਸਾਰੇ ਪ੍ਰਣ ਕਰੀਏ ਕਿ ਵਿਆਹ ਸਮੇਂ

1. ਸੀਮਤ ਇਕੱਠ ਕਰਾਂਗੇ
2. ਘੱਟ ਤੋਂ ਘੱਟ ਜਾਂ ਇੱਕ ਹੀ ਸਮਾਗਮ ਰੱਖਾਂਗੇ
3. ਬੇਲੋੜੇ ਪਕਵਾਨਾਂ ਤੇ ਸਜਾਵਟਾਂ ਵਿਚ ਨਹੀਂ ਪਵਾਂਗੇ
4. ਲੋੜਵੰਦਾਂ ਲਈ ਚੰਗੀ ਰਕਮ ਕਢਾਂਗੇ ਤੇ ਵੰਡ ਛਕਾਂਗੇ।

ਜਿੱਥੇ ਵਿਆਹ ਸਾਦੇ ਕਰਨ ਦੀ ਲੋੜ ਹੈ ਉਥੇ ਨਾਲ ਹੀ ਮ੍ਰਿਤਕ ਦੇ ਭੋਗ ਦੀਆਂ ਰਸਮਾਂ ਦੇ ਸਮੇਂ ਵੀ ਬੇਲੋੜਾ ਖਰਚਾ ਨਹੀਂ ਕਰਨਾ ਚਾਹੀਦਾ। ਮ੍ਰਿਤਕ ਦੇ ਭੋਗ ਸਮੇਂ ਰੋਟੀ ਹੀ ਅੱਜ ਕੱਲ ਵਿਆਹਾਂ ਵਰਗੀ ਹੋਣ ਲੱਗ ਪਈ ਹੈ। ਭੋਗ ਸਮੇਂ ਰੋਟੀ ਕੇਵਲ ਦੂਰੋਂ ਆਏ ਰਿਸ਼ਤੇਦਾਰਾਂ ਜਾਂ ਮਿਹਮਾਨਾਂ ਲਈ ਹੀ ਹੋਣੀ ਚਾਹੀਦਾ ਹੈ। ਪਿਛਲੇ ਦਿਨੀ ਵਾਟਸਐਪ ਰਾਹੀਂ ਇਕ ਬੜਾ ਹੀ ਚੰਗਾ ਸੁਨੇਹਾ ਅਇਆ ਜੋ ਹੇਠਾਂ ਇਨ ਬਿਨ ਦਰਜ ਹੈ। ਪਤਾ ਨਹੀਂ ਕਿਹੜੇ ਨਗਰ / ਸ਼ਹਿਰ ਵਾਲਿਆਂ ਦੀ ਅਜਿਹੀ ਸੋਚ ਹੈ। ਪਰ ਇਹ ਸਾਨੂੰ ਸਭਨਾਂ ਨੂੰ ਸੋਚਨ ਤੇ ਮਜ਼ਬੂਰ ਜ਼ਰੂਰ ਕਰ ਰਹੀ ਹੈ।

ਚੰਗਾ ਹੋਵੇ ਜੇ ਹਰ ਪਿੰਡ-ਨਗਰ-ਮੁਹੱਲੇ ਵਿਚ ਐਸੇ ਰੱਜੇ ਪੁਰਸ਼-ਇਸਤਰੀਆਂ ਹੋਣ ਜੋ ਆਪੇ ਹੀ, ਆਪੇ ਨਾਲ ਫੈਂਸਲਾ ਕਰ ਲੈਣ ਕਿ ਅਸਾਂ ਭੋਗ ਸਮੇਂ ਕਿਸੇ ਤੇ ਬੋਝ ਨਹੀਂ ਬਣਨਾ। ਉਥੇ ਰੋਟੀ ਨਹੀਂ ਖਾਣੀ। **ਬਈ! ਸ਼ਾਬਾਸ਼!!**

**ਸਮੂਹ ਸ਼ਹਿਰ ਨਿਵਾਸੀਆਂ ਨੂੰ**

**ਬੇਨਤੀ ਅਤੇ ਅਪੀਲ**

**ਜ਼ਰਾ ਸੋਚੋ**

**ਕੀ ਸ਼ਹਿਰ ਨਿਵਾਸੀ ਹੋਣ ਦੇ ਨਾਤੇ ਜਿਹੜਾ ਖਾਣਾ ਤੁਸੀਂ ਕਿਸੇ ਦੀ ਮੌਤ ਦੇ ਭੋਗ ਤੇ ਖਾਣ ਜਾ ਰਹੇ ਹੋ, ਕੀ ਉਹ ਤੁਹਾਨੂੰ ਖਾਣਾ ਚਾਹੀਦਾ ਹੈ? ਤੁਹਾਨੂੰ ਨਹੀਂ ਲਗਦਾ ਕਿ ਮੌਤ ਦੇ ਭੋਗ ਸਮੇਂ ਖਾਣਾ ਮਰਨ ਵਾਲੇ ਵਿਅਕਤੀ ਦੇ ਪਰਿਵਾਰ ਤੇ ਬੋਝ ਬਣਦਾ ਜਾ ਰਿਹਾ ਹੈ, ਕਿਉਂ ਕਿ ਜਿਆਦਾ ਤਰ ਲੋਕਾਂ ਨੂੰ ਸਮਾਜ ਵਿੱਚ ਆਪਣੀ ਲੋਕ ਲਾਜ ਰੱਖਣ ਲਈ ਖਾਣਾ ਬਣਵਾਉਣਾ ਪੈਂਦਾ ਹੈ।**

**ਅਪੀਲ**

- **ਮੌਤ ਦੇ ਭੋਗ ਸਮੇਂ, ਕੇਵਲ ਬਾਹਰੋਂ ਆਏ ਸਕੇ ਸਬੰਧੀਆਂ ਲਈ ਹੀ ਸਾਦਾ ਖਾਣਾ ਤਿਆਰ ਕਰਵਾਇਆ ਜਾਵੇ, ਲੋਕਲ ਵਿਅਕਤੀਆਂ ਲਈ ਖਾਣਾ ਨਾ ਬਣਾਇਆ ਜਾਵੇ ਅਤੇ ਨਾ ਹੀ ਉਹਨਾਂ ਨੂੰ ਖਾਣਾ ਖਾਣ ਲਈ ਮਜ਼ਬੂਰ ਕੀਤਾ ਜਾਵੇ**
- **ਮੌਤ ਦੇ ਭੋਗ ਸਮੇਂ ਤੋਲੀਏ ਆਦਿ ਦੇਣ ਦੀ ਪ੍ਰਥਾ ਨੂੰ ਵੀ ਬੰਦ ਕੀਤਾ ਜਾਵੇ**
- **ਕੁੱਝ ਪਰਿਵਾਰਾਂ ਵੱਲੋਂ ਮੌਤ ਦੇ ਭੋਗ ਸਮੇਂ ਮਿਠਾਈ ਆਦਿ ਦੇ ਡੱਬੇ ਵੰਡੇ ਜਾਂਦੇ ਹਨ, ਕ੍ਰਿਪਾ ਕਰਕੇ ਇਸ ਪ੍ਰਥਾ ਨੂੰ ਵੀ ਬੰਦ ਕੀਤਾ ਜਾਵੇ।**

**ਜੇਕਰ ਤੁਸੀਂ ਵੀ ਸਾਡੇ ਵਿਚਾਰਾਂ ਨਾਲ ਸਹਿਮਤ ਹੋ, ਤਾਂ ਸਾਡੀ ਅਪੀਲ ਨੂੰ ਮੰਨ ਕੇ ਮਰਨ ਵਾਲੇ ਵਿਅਕਤੀ ਨੂੰ ਸੱਚੀ ਸ਼ਰਧਾਂਜਲੀ ਭੇਂਟ ਕਰੋ।**

## ਆਓ! ਸਾਦਗੀ ਲਈ ਜੰਗ ਕਰੀਏ

ਇਹ ਜੰਗ ਇਸ ਲਈ ਹੈ ਕਿ ਸਥਾਪਿਤ ਤੇ ਪ੍ਰਚਲਿਤ ਵਿਚਾਰਾਂ ਨੂੰ ਬਦਲਨਾ ਬਹੁਤ ਔਖਾ ਹੁੰਦਾ ਹੈ। ਇਸ ਲਈ 'ਨਿਸ਼ਚਾ' ਤੇ 'ਨਿਰੰਤਰਤਾ' ਜ਼ਰੂਰੀ ਹੈ।

ਜੀ ਹਾਂ! ਸੱਚਮੁਚ ਇਹ ਬੜਾ ਹੀ ਔਖਾ ਹੈ ਤੇ ਇਸ ਲਈ ਹੁਣ ਜੰਗ ਛੇੜਨੀ ਤੇ ਜੰਗ ਜਿਤਨੀ ਹੋਵੇਗੀ। ਕਿਵੇਂ?

**ਪਹਿਲੀ ਜੰਗ** - ਪੁਸਤਕ ਪੜ੍ਹ ਕੇ ਆਪਣੇ ਆਪ ਨਾਲ, ਆਪਣੇ ਮਨ ਨਾਲ ਹੋਵੇਗੀ।

**ਦੂਜੀ ਜੰਗ** - ਸ਼ੁਰੂ ਹੋਵੇਗੀ ਪਰਿਵਾਰ ਵਿੱਚ। ਜੇ ਬੱਚੇ ਮਨ ਵੀ ਜਾਣ ਤਾਂ ਹੋ ਸਕਦਾ ਮਾਤਾ-ਪਿਤਾ ਨਾ ਮੰਨਣ। ਘਰ ਦੀਆਂ ਬੁੜੀਆਂ ਤੇ ਦੋਸ਼ ਲਗਦੇ ਹਨ ਕਿ ਉਹ ਸ਼ਰੀਕੇ

ਦੇ ਡਰੋਂ ਸਾਦਗੀ ਲਈ ਰਾਜੀ ਨਹੀਂ ਹੁੰਦੀਆਂ। ਪਰ ਜੇ ਲਗਾਤਾਰ ਘਰ ਵਿੱਚ ਸੰਵਾਦ ਜਾਰੀ ਰਖੀਏ ਤਾਂ ਸਹਿਜੇ ਸਭ ਮੰਨ ਸਕਦੇ ਹਨ। ਹਿੰਮਤ ਨਹੀਂ ਹਾਰਨੀ, ਹਰ ਰਸਮ ਵਿੱਚ ਸਾਦਗੀ ਲਿਆਉਣ ਦਾ ਉਪਰਾਲਾ ਕਰਨਾ ਹੈ। ਫਿਰ ਸੰਪੂਰਨ ਤੌਰ ਤੇ ਜੇ 100 ਫੀਸਦੀ ਨਹੀਂ ਤਾਂ 50 ਫੀਸਦੀ ਸਫਲਤਾ ਮਿਲੇ ਓਹੀ ਭਲੀ। ਫਿਰ ਤੁਹਾਨੂੰ ਦੇਖ ਕੇ ਹੋਰ ਵੀ ਉਦਮ ਕਰਨਗੇ।

**ਤੀਜੀ ਜੰਗ** ਹੈ ਬਾਹਰਲਿਆਂ ਨਾਲ ਜਿਸ ਦੀ ਲੋੜ ਹੀ ਨਹੀਂ ਪੈਣੀ ਜੇ ਪਰਿਵਾਰ ਇੱਕ ਮੁੱਠ ਹੋ ਕੇ ਫੈਸਲਾ ਕਰ ਲਵੇ ਤਾਂ ਕਿਸੇ ਦੀ ਹਿੰਮਤ ਨਹੀਂ ਪੈਣੀ ਕਿ ਉਹ ਜੋਰ ਪਾ ਜਾਵੇ।

ਧੰਨਵਾਦ ਹੈ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਡਾ. ਬਲਦੇਵ ਸਿੰਘ ਢਿਲੋਂ ਜੀ ਦਾ ਜਿਹਨਾਂ ਸਤੰਬਰ 2017 ਦੇ ਕਿਸਾਨ ਮੇਲੇ ਦਾ ਮੁਖ ਥੀਮ ਹੀ ਇਹ ਰੱਖਿਆ ਹੈ – 'ਸਾਦੇ ਵਿਆਹ ਸਾਦੇ ਭੋਗ ਨਾ ਕਰਜਾ ਨਾ ਚਿੰਤਾ ਰੋਗ'। ਕਿਰਸਾਨੀ ਤੇ ਆਮ ਜਵਾਨੀ ਲਈ ਇਹ ਅਤਿ ਲੋੜੀਂਦਾ ਕਦਮ ਹੈ। ਬਸ ਲੋੜ ਹੈ ਇਸਨੂੰ ਪ੍ਰਚੰਡ ਕਰਨ ਦੀ ਤਾਂ ਜੋ 10 ਸਾਲਾਂ ਦਾ ਟੀਚਾ ਪੰਜਾਂ ਸਾਲਾਂ ਵਿਚ ਸਰ ਕਰ ਲਿਆ ਜਾਵੇ। ਆਓ! ਸਾਰੇ ਆਪੋ ਆਪਣਾ ਯੋਗਦਾਨ ਪਾਈਏ। ਪ੍ਰਣ ਕਰੀਏ ਵਿਆਹ ਅਤੇ ਭੋਗ ਸਾਦੇ ਹੀ ਕਰਾਂਗੇ।

**ਡਾ. ਸਰਬਜੀਤ ਸਿੰਘ**
ਪ੍ਰੋਫ਼ੈਸਰ,
ਖੇਤੀ ਪੱਤਰਕਾਰੀ, ਭਾਸ਼ਾਵਾਂ ਅਤੇ ਸੱਭਿਆਚਾਰ ਵਿਭਾਗ
ਪੰਜਾਬ ਐਗਰੀਕਲਚਰਲ ਯੂਨੀਵਰਸਿਟੀ
ਲੁਧਿਆਣਾ

18 ਸਤੰਬਰ, 2017

## ਦਾਜ

ਇਕ ਨੌਜਵਾਨ ਨੇ ਦੱਸਿਆ ਕਿ ਵਿਆਹ ਸਮੇਂ ਮੈਨੂੰ ਇਕ ਬਜ਼ੁਰਗ ਨੇ ਬਹੁਤ ਹੀ ਵਧੀਆ ਸਿਖਿਆ ਦਿੱਤੀ ਸੀ ਜਿਸਨੇ ਮੇਰਾ ਜੀਵਨ ਹੀ ਬਦਲ ਦਿੱਤਾ। ਉਹਨਾਂ ਕਿਹਾ ਸੀ–

"ਬੇਟਾ! ਜੇ ਦਾਜ ਲਈ, ਪੈਸੇ ਲਈ, ਚੀਜਾਂ ਲਈ, ਗਿਫਟ ਲਈ ਆਪਣੇ ਸਹੁਰਿਆਂ ਵਲ ਵੇਖਦਾ ਰਹੇਗਾ ਤਾਂ ਓਨਾਂ ਮਿਲੇਗਾ ਜਿਨਾ ਸਹੁਰਿਆਂ ਕੋਲ ਦੇਣ ਜੋਗਾ ਹੋਵੇਗਾ। ਪਰ ਜੇ ਪਰਮਾਤਮਾ 'ਤੇ ਆਸ ਰਖੇਂਗਾ ਤਾਂ ਓਨਾਂ ਮਿਲੇਗਾ ਜਿਨਾਂ ਪਰਮਾਤਮਾ ਕੋਲ ਹੈ। ਭਾਵ ਸਭ ਕੁਝ ਮਿਲੇਗਾ"।

ਉਹ ਨੌਜਵਾਨ ਵਿਆਹ ਤੋਂ 30 ਸਾਲਾਂ ਬਾਅਦ ਅੱਜ ਕਹਿੰਦਾ ਹੈ – "ਮੈਂ ਕਦੇ ਵੀ ਸਹੁਰਿਆਂ ਵਲੋਂ ਆਏ ਸ਼ਗਨ, ਗਿਫਟ, ਸਮਾਨ ਤੇ ਨਿਗਾਹ ਨਹੀਂ ਰੱਖੀ। ਅੱਜ ਪਰਮਾਤਮਾ ਨੇ ਮੈਨੂੰ ਸਭ ਕੁਝ ਨਾਲ ਭਰਪੂਰ ਕਰ ਦਿੱਤਾ ਹੈ। ਜੇ ਸਹੁਰਿਆਂ ਵਲ ਵੇਖਦਾ ਰਹਿੰਦਾ ਤਾਂ ਅੱਜ ਵੀ ਮੰਗਤਾ ਹੀ ਬਣਿਆ ਰਹਿੰਦਾ।

# ਸਾਦਗੀ ਦੀ ਸ਼ਾਨ

**ਜਗਦੀਸ਼ ਕੌਰ (ਡਾ.)**
ADC (CCIL)

ਜਨਮ, ਵਿਆਹ ਅਤੇ ਮੌਤ ਮਨੁੱਖੀ ਜੀਵਨ ਦੀਆਂ ਮਹੱਤਵਪੂਰਨ ਘਟਨਾਵਾਂ ਹਨ ਜਿਨ੍ਹਾਂ ਦੇ ਧੁਰੇ ਤੇ ਸਮਾਜ ਤੁਰਦਾ ਹੈ। ਹਰ ਸਭਿਆਚਾਰ ਦਾ ਮਨੁੱਖੀ ਭਾਈਚਾਰਾ, ਇਹਨਾਂ ਨੂੰ ਆਪੋ-ਆਪਣੇ ਢੰਗ ਨਾਲ ਵਿਉਂਤਦਾ ਹੈ ਜਿਸ ਸਦਕਾ ਇਹਨਾਂ ਨਾਲ ਸੰਬੰਧਿਤ ਅਨੇਕਾਂ ਰਸਮਾਂ-ਰਿਵਾਜ਼ ਬਣੇ ਤੁਰੇ ਆਉਂਦੇ ਹਨ। ਪੰਜਾਬੀ ਸੱਭਿਆਚਾਰ ਵਿੱਚ ਇਹ ਰਸਮ-ਰਿਵਾਜ਼ ਮਨੁੱਖ ਦੇ ਜੰਮਣ ਤੋਂ ਪਹਿਲਾਂ ਆਰੰਭ ਹੋ ਜਾਂਦੇ ਹਨ ਅਤੇ ਮਰਨ ਤੋਂ ਮਗਰੋਂ ਵੀ ਨਿਭਾਏ ਜਾਂਦੇ ਹਨ ਪਰ ਮੁਕਾਬਲੇ ਦੇ ਅਜੋਕੇ ਯੁੱਗ ਨੇ ਇਹਨਾਂ ਸਧਾਰਨ ਰੀਤਾਂ-ਰਸਮਾਂ ਨੂੰ ਫੈਸ਼ਨ, ਹੋੜ ਅਤੇ ਸ਼ਕਤੀ ਪ੍ਰਦਰਸ਼ਨ ਵਿੱਚ ਬਦਲ ਦਿੱਤਾ ਹੈ।

ਅੱਜ ਵਿਆਹਾਂ ਲਈ ਵਿਸ਼ੇਸ਼ ਥਾਵਾਂ ਅਤੇ ਵਿਸ਼ੇਸ਼ ਥੀਮ ਉਲੀਕੇ ਜਾਂਦੇ ਹਨ। ਸਜਾਵਟ, ਪਹਿਰਾਵੇ, ਗਹਿਣਿਆਂ ਅਤੇ ਪਕਵਾਨਾਂ ਉੱਪਰ ਅੰਧਾਧੁੰਦ ਧਨ ਰੋੜ੍ਹਿਆ ਜਾਂਦਾ ਹੈ। ਇਸ ਰੁਝਾਨ ਸਦਕਾ ਹੋਟਲਾਂ, ਪੈਲਸਾਂ ਅਤੇ ਮਹਿਲਾਂ ਦਾ ਕਾਰੋਬਾਰ ਲਗਾਤਾਰ ਵੱਧ ਰਿਹਾ ਹੈ। ਮੀਡੀਆ, ਟੀ ਵੀ ਸ਼ੋਅ, ਸੀਰੀਅਲ ਸਭ ਇਸ ਅੱਗ ਨੂੰ ਹੋਰ ਹਵਾ ਦੇ ਰਹੇ ਹਨ ਅਤੇ ਹਰ ਆਮ-ਖਾਸ ਨੌਜਵਾਨ ਅੰਦਰ ਇਹਨਾਂ ਸ਼ਾਹੀ ਰੀਤੀ-ਰਿਵਾਜਾਂ ਦਾ ਮੋਹ-ਮਾਡਲ ਭਰਿਆ ਜਾ ਰਿਹਾ ਹੈ।

ਦੈਂਤ-ਅਕਾਰ ਧਾਰ ਰਹੇ ਇਸ ਰੁਝਾਨ ਵਿੱਚ ਆਮ ਲੋਕਾਂ ਦੀ ਹਾਲਤ ਤਰਸਯੋਗ ਹੈ। ਇਸ ਵੇਲੇ, ਜਦੋਂ ਪੰਜਾਬ ਦੀ ਕਿਰਸਾਨੀ, ਜੋ ਪੰਜਾਬ ਦੀ ਆਰਥਿਕਤਾ ਦਾ ਮੂਲ ਧੁਰਾ ਹੈ, ਦੀ ਹਾਲਤ ਕਰਜ਼ਿਆਂ ਨਾਲ ਪਰੁੰਨੀ ਹੈ ਤਾਂ ਵਗਦੀ ਧਾਰਾ ਦੇ ਉਲਟ ਰੁਖ ਵਿਚਾਰਨ ਦੀ ਲੋੜ ਬਣ ਗਈ ਹੈ। ਇਹ ਜਨਮ, ਵਿਆਹ ਤੇ ਮੌਤ ਤੇ ਖਰਚਿਆਂ ਜਾ ਰਿਹਾ ਪੈਸਾ ਕਿਥੇ ਸਾਰਥਕ ਹੋ ਰਿਹਾ ਹੈ?

ਬਿਨਾਂ ਸ਼ੱਕ ਸੂਝਵਾਨ ਚਿੰਤਕਾਂ ਤੇ ਨੌਜਵਾਨਾਂ ਨੂੰ ਇਸ ਖੇਤਰ ਵਿੱਚ ਰੁਖ ਮੋੜਨ ਲਈ ਅੱਗੇ ਆਉਣ ਦੀ ਲੋੜ ਹੈ ਜੋ ਮਾਡਲ ਸਿਰਜ ਸਕਣ ਕਿ **ਜ਼ਿੰਦਗੀ ਦੇ ਮਹੱਤਵਪੂਰਨ ਮੌਕੇ, ਬਿਨਾਂ ਪੈਸੇ ਦੀ ਬਰਬਾਦੀ ਦੇ ਸਾਦਗੀ ਨਾਲ ਵੀ ਨਿਭਾਏ ਜਾ ਸਕਦੇ ਹਨ,** ਮਾਪਿਆਂ ਦਾ ਆਰਥਿਕ ਬੋਝ ਘੱਟ ਕੀਤਾ ਜਾ ਸਕਦਾ ਹੈ, ਉਹਨਾਂ ਨੂੰ ਕਰਜ਼ੇ ਦੇ ਰਾਹ ਤੁਰਨੋਂ ਰੋਕਿਆ ਜਾ ਸਕਦਾ ਹੈ, ਉਹਨਾਂ ਨੂੰ ਟਰੈਕਟਰਾਂ, ਖੇਤੀ-ਲਾਗਤਾਂ ਦੇ ਬਹਾਨੇ ਇਹਨਾਂ ਰਸਮਾਂ ਦੇ ਬੋਝ ਲਈ ਕਰਜ਼ਾ ਚੁੱਕਣ ਤੋਂ ਰੋਕਿਆ ਜਾ ਸਕਦਾ ਹੈ,

ਅਨੇਕਾਂ ਅਨਹੋਣੀਆਂ ਨੂੰ ਵਾਪਰਨ ਤੋਂ ਬਚਾਇਆ ਜਾ ਸਕਦਾ ਹੈ। ਮਾਪੇ ਆਪਣੇ ਬੱਚਿਆਂ ਤੋਂ ਕਦੇ ਵੀ ਕੁਝ ਲੁਕੋ ਕੇ ਨਹੀਂ ਰੱਖਦੇ। ਭਾਈਚਾਰੇ ਨੇ ਸੰਕਟ ਵਿੱਚ ਜ਼ਰੂਰ ਮੱਦਦ ਲਈ ਸ਼ਾਮਿਲ ਹੋਣਾ ਹੁੰਦਾ ਹੈ। ਇਹ ਗੱਲ ਵੀ ਉਨੀ ਹੀ ਸੱਚੀ ਹੈ ਕਿ ਜਿਹੜੀ ਔਲਾਦ ਕਾਬਲ ਹੁੰਦੀ ਹੈ ਉਸਨੂੰ ਧਨ, ਦੌਲਤ, ਦਾਜ-ਦਹੇਜ ਦੀ ਲੋੜ ਨਹੀਂ ਹੁੰਦੀ। ਉਹਨੇ ਆਪਣਾ ਜੀਵਨ-ਨਿਰਬਾਹ ਕਰਨ ਦੇ ਸਮਰੱਥ ਹੋ ਹੀ ਜਾਣਾ ਹੁੰਦਾ ਹੈ। ਜਿਹੜੀ ਔਲਾਦ ਨਿਕੰਮੀ ਹੁੰਦੀ ਹੈ ਉਸਨੂੰ ਭਾਵੇਂ ਖੂਹਾਂ ਦੇ ਖੂਹ ਦੇ ਦਿਓ, ਉਸਨੇ ਸਭ ਰੋੜ ਹੀ ਦੇਣਾ ਹੁੰਦਾ ਹੈ। **ਜਿਹੜਾ ਮਨੁੱਖ ਮਿਹਨਤ ਦਾ ਮੁੱਲ ਜਾਣਦਾ ਹੈ ਉਹ ਕਦੇ ਆਪਣੇ ਮਾਪਿਆਂ ਨੂੰ ਇਸ ਫਜ਼ੂਲ ਖਰਚੀ ਲਈ ਮਜ਼ਬੂਰ ਨਹੀਂ ਕਰੇਗਾ** । ਚੰਗੀ ਗੱਲ ਹੈ, ਔਲਾਦ ਸਮਰੱਥ ਬਣੇ, ਮਿਸਾਲ ਬਣੇ ਅਤੇ ਸਵੈਮਾਣ ਨਾਲ ਜਿਉਣਾ ਸਿੱਖੇ।

ਸਾਦਗੀ ਕੋਈ ਸ਼ਰਮ ਜਾਂ ਮਿਹਣਾ ਨਹੀਂ, ਬਲਕਿ ਤੁਹਾਡੀ ਜੀਵਨ-ਜਾਚ ਦੀ ਸ਼ਾਨ ਹੈ। ਆਓ ਮਿਲ ਕੇ ਇਸ ਅਵਾਜ਼ ਨੂੰ ਹੋਰ ਬੁਲੰਦ ਕਰੀਏ,

**ਸਾਦੇ ਵਿਆਹ, ਸਾਦੇ ਭੋਗ**
**ਨਾ ਕਰਜ਼ਾ, ਨਾ ਚਿੰਤਾ ਰੋਗ**

## ਵਿਆਹ ਦੀ ਅਸਲ ਤਿਆਰੀਆਂ

ਪੈਲੇਸ, ਕਪੜੇ, ਸੋਨਾ, ਪਕਵਾਨ, ਮਿਠਾਈਆਂ, ਡੱਬੇ, ਸੱਦਾ ਪੱਤਰ, ਸੰਗੀਤ, ਸਜਾਵਟ, ਤੋਹਫੇ, ਜਸ਼ਨ......

ਨਹੀਂ ਜੀ ਨਹੀਂ! ਵਿਆਹ ਦੀਆਂ ਤਿਆਰੀਆਂ ਕੇਵਲ ਇਹ ਹੀ ਨਹੀਂ ਹਨ ਸਗੋਂ ਵਿਆਹ ਦੀਆਂ ਅਸਲ ਤਿਆਰੀਆਂ ਹਨ:

ਲੜਕੇ ਦੇ ਘਰ ਵਿੱਚ ਨਵੇਂ ਜੀਅ ਭਾਵ ਵਹੁਟੀ ਦੇ ਆਉਣ ਲਈ ਮਾਨਸਿਕ ਤਿਆਰੀ। ਉਸਨੂੰ ਸੰਪੂਰਨ ਤੌਰ ਤੇ ਸਵੀਕਾਰ ਕਰਨ ਦੀ ਤਿਆਰੀ।

ਲੜਕੀ ਦੇ ਘਰ ਵਾਲਿਆਂ ਵਿੱਚ ਉਸਨੂੰ ਤੋਰਨ ਲਈ ਮਾਨਸਿਕ ਤਿਆਰੀ, ਲੜਕੀ ਦੀ ਤਿਆਰੀ ਨਵੇਂ ਘਰ ਵਿੱਚ ਉਸਨੇ ਕਿਵੇਂ ਰਚਨਾ-ਮਿਚਨਾ ਹੈ, ਸਭ ਦਾ ਦਿਲ ਜਿੱਤਨਾ ਹੈ, ਉਹਨਾਂ ਦੀਆਂ ਕਦਰਾਂ ਕੀਮਤਾਂ ਨੂੰ ਸਵੀਕਾਰ ਕਰਨਾ।

# ਸਾਦੀਆਂ ਰਸਮਾਂ – ਖੁਸ਼ੀਆਂ ਦਾ ਚਸ਼ਮਾ

**ਡਾ. ਬਲਵਿੰਦਰਪਾਲ ਸਿੰਘ**
ਖਾਲਸਾ ਕਾਲਜ, ਗੁਰਸਰ ਸੁਧਾਰ

ਸਾਡੇ ਆਲੇ-ਦੁਆਲੇ ਹੋਣ ਵਾਲੇ ਵਿਆਹ ਦੇ ਚਾਰ, ਪੰਜ ਸਮਾਗਮ ਸਾਨੂੰ ਹੈਰਾਨੀ ਭਰੀ ਖੁਸ਼ੀ ਤਾਂ ਦਿੰਦੇ ਹਨ ਪਰ ਅੰਦਰੋਂ ਅੰਦਰ ਇਹ ਚਿੰਤਾ ਵੀ ਪੈਦਾ ਕਰਦੇ ਜਾਂਦੇ ਹਨ ਕਿ ਆਪਾਂ ਕਿਵੇਂ ਐਨਾ ਖਰਚਾ ਕਰਾਂਗੇ? ਰੋਕੇ ਅਤੇ ਠਾਕੇ ਦੇ ਸਮੇਂ ਮੋਟਾ ਖਰਚ ਹੋ ਗਿਆ ਲਗਦਾ ਹੈ, ਸਾਰੇ ਰਿਸ਼ਤੇਦਾਰਾਂ ਦੇ ਲਿਫਾਫੇ ਰੱਖਣੇ ਬਹੁਤ ਜ਼ਰੂਰੀ ਹੋ ਗਏ ਹਨ ਤੇ ਸਾਧਾਰਨ ਮਠਿਆਈ ਵੀ ਨਹੀਂ ਦੇ ਸਕਦੇ। ਡਰਾਈ ਫਰੂਟ ਤੋਂ ਬਿਨ੍ਹਾਂ ਤਾਂ ਮਠਿਆਈ, ਵਿਚਾਰੀ ਜਿਹੀ ਲੱਗਣ ਲੱਗਦੀ ਹੈ। ਜਿਨ੍ਹਾਂ ਨੂੰ ਰੱਬ ਨੇ ਦਿੱਤਾ ਹੈ, ਉਹ ਖਰਚ ਵੀ ਕਿਉਂ ਨਾ ਕਰਨ? ਇਹ ਦਲੀਲ ਵੀ ਸੁਣਨ ਨੂੰ ਮਿਲ ਜਾਂਦੀ ਹੈ। ਤੇ ਜਿਨ੍ਹਾਂ ਨੂੰ ਰੱਬ ਨੇ ਖਿੱਚ ਕੇ ਰੱਖਿਆ ਹੈ, ਉਹ ਐਸਾ ਖਰਚਾ ਕਰਨ ਦੇ ਲਈ ਪੈਸਾ ਕਿੱਥੋਂ ਲਿਆਉਣ? ਇਹ ਗੱਲ ਵੀ ਤਾਂ ਘੱਟ ਪ੍ਰਭਾਵ ਪਾਉਣ ਵਾਲੀ ਨਹੀਂ।

ਰਿੰਗ ਸੈਰੇਮਨੀ (ring ceremony) ਤੇ ਚੁੰਨੀ ਦੀ ਰਸਮ ਕਿਸੇ ਵੇਲੇ ਘਰੇਲੂ ਹੀ ਹੁੰਦੀ ਸੀ। ਅਸਲ ਵਿੱਚ ਦੋ ਪਰਿਵਾਰਾਂ ਦੀ ਰਿਸ਼ਤੇਦਾਰੀ ਨੂੰ ਪੱਕਿਅਉਣ ਲਈ ਅਜਿਹੇ ਮੇਲ ਜੋਲ ਕੀਤੇ ਜਾਂਦੇ ਸਨ। **ਜੇ ਪੰਜ ਦੱਸ ਜਣੇ ਕਿਸੇ ਘਰ ਚਲੇ ਜਾਣ ਅਤੇ ਚਾਹ ਪਾਣੀ ਪੀ ਕੇ ਦੋ ਘੰਟੇ ਲਾ ਆਉਣ ਤਾਂ ਬਹੁਤਾ ਖਰਚ ਨਹੀਂ ਹੁੰਦਾ।** ਹੁਣ ਜੇ ਕੋਈ ਕਹੇ ਕਿ ਜੀ ਮੁੰਦਰੀ ਤੇ ਚੁੰਨੀ ਦੀ ਰਸਮ ਹੁੰਦੀ ਹੀ ਨਹੀਂ ਜਾਂ ਹੋਣੀ ਹੀ ਨਹੀਂ ਚਾਹੀਦੀ ਤਾਂ ਇਹ ਵੱਖਰੀ ਇਨਕਲਾਬੀ ਗੱਲ ਹੈ ਜੋ ਜ਼ਬਰਦਸਤੀ ਤਾਂ ਲਾਗੂ ਕਰਵਾ ਸਕਦੇ ਹਾਂ, ਸਹਿਜੇ ਹੀ ਲੋਕ ਰੀਤਾਂ ਛੱਡਣੀਆਂ ਸੰਭਵ ਨਹੀਂ। ਵੱਡੇ ਹੋਟਲ ਵਿੱਚ ਡੇਢ ਸੌ, ਜਾਂ ਵਧੇਰੇ ਲੋਕਾਂ ਦੀ ਹਾਜ਼ਰੀ ਵਿੱਚ ਲੱਖਾਂ ਰੁਪਏ ਖਰਚ ਕਰਨੇ, ਆਮ ਤੇ ਗਰੀਬ ਲੋਕਾਂ ਦੇ ਲਈ ਮੁਸੀਬਤ ਖੜੀ ਕਰਨ ਵਾਲੀ ਗੱਲ ਹੈ। ਜੇ ਠਾਕੇ ਅਤੇ ਮੁੰਦਰੀ ਦੀ ਰਸਮ, ਸਾਦੀ ਤੇ ਘਰੇਲੂ ਕਰ ਲਈ ਜਾਵੇ ਤਾਂ ਖੁਸ਼ੀਆਂ ਦਾ ਭੰਡਾਰ ਖੁੱਲ ਸਕਦਾ ਹੈ।

ਸਿੱਖ ਸਮਾਜ ਤੇ ਹਿੰਦੂ ਭਾਈਚਾਰੇ ਵਿੱਚ ਇੱਕ ਗੱਲ ਬਹੁਤ ਪ੍ਰਚੱਲਤ ਹੈ ਕਿ ਇਹ ਪਾਠ-ਕੀਰਤਨ-ਸੰਗਤ ਨੂੰ ਲੰਗਰ ਕਰਦੇ ਹਨ ਅਤੇ ਚੌਂਕੀ ਜਾਂ ਸਤਿਸੰਗ ਜ਼ਰੂਰ ਕਰਵਾਂਦੇ ਹਨ। ਰੱਬ ਦੇ ਨਾਲ ਨਾਤਾ ਜੋੜਨਾ ਬਹੁਤ ਚੰਗਾ ਹੈ ਪਰ ਇਸੇ ਵੇਲੇ ਇਹ ਵੀ ਧਿਆਨ ਰੱਖਿਆ ਜਾਵੇ ਕਿ ਦਾਜ ਲੈਣ-ਦੇਣ ਦੀ ਬਹੁਤ ਬੁਰੀ ਲਾਲਸਾ ਸਮਾਜ ਦੇ ਅੰਦਰ, ਹਜ਼ਾਰਾਂ ਲੋਕਾਂ ਦੇ ਲਈ ਮੁਸੀਬਤ ਬਣ ਕੇ ਖੜੀ ਹੋਈ ਹੈ।

**"ਸਾਨੂੰ ਹੋਰ ਕੁੱਝ ਨਹੀਂ ਚਾਹੀਦਾ, ਬੱਸ ਵਿਆਹ ਚੰਗਾ ਕਰ ਦੇਣਾ", ਅਜਿਹੀ ਗੱਲ ਦੇ ਵਿੱਚ ਬਹੁਤ ਵੱਡਾ ਲਾਲਚ ਲੁੱਕਿਆ ਹੋਇਆ ਹੈ।** ਚੰਗੇ ਦਾ ਭਾਵ ਹੈ ਕਿ ਵੱਡਾ ਪੈਲੇਸ, ਡੀ.ਜੇ, ਵੱਡੇ ਪੱਧਰ ਦਾ ਖਾਣ-ਪਾਨ ਤੇ ਮਿਲਣੀ ਵਿੱਚ ਸੋਨੇ

ਦੇ ਗਹਿਣੇ, ਸੈਟ ਅਤੇ ਲਿਫਾਫੇ/ਕੰਬਲ ਆਦਿ। ਜੋ ਦੇਣਾ ਹੈ, ਉਹ ਤਾਂ ਮਾਪਿਆਂ ਨੇ ਆਪਣੀ ਧੀ ਨੂੰ ਦੇਣਾ ਹੀ ਹੈ। **ਵਿਆਹ ਦੇ ਸਮਾਗਮ ਵਿੱਚ ਅਸੀਂ ਉਨ੍ਹਾਂ ਸਭ ਨੂੰ ਬੁਲਾ ਲੈਂਦੇ ਹਾਂ ਜਿਨ੍ਹਾਂ ਨੂੰ ਅਸੀਂ ਜਾਣਦੇ ਹਾਂ। ਜੇ ਰਿਸ਼ਤੇਦਾਰ ਅਤੇ ਕੁਝ ਨੇੜਲੇ/ਦੋਸਤ/ਗਵਾਂਢੀ ਬੁਲਾ ਲਏ ਜਾਣ ਤਾਂ ਖਰਚ 40 ਤੋਂ 50% ਤੱਕ ਘੱਟ ਸਕਦਾ ਹੈ।** ਪਿੰਡਾਂ ਵਿੱਚ "ਕਾਰ" ਦੇਣੀ ਇੱਕ ਸ਼ਾਨ ਦੀ ਨਿਸ਼ਾਨੀ ਹੈ। ਸ਼ਹਿਰਾਂ ਵਿੱਚ ਮੱਧ ਉੱਚੇ ਵਰਗ ਵਾਲੇ ਕਾਰ ਖੜੀ ਕਰਕੇ, ਪੈਲੇਸ ਵਿੱਚ ਹੀ ਦਹਿਸ਼ਤ ਪਾ ਦੇਂਦੇ ਹਨ।

ਸਾਦੀਆਂ ਰਸਮਾਂ ਹੋਣੀਆਂ ਕੋਈ ਅਸੰਭਵ ਕਾਰਜ ਨਹੀਂ ਹੈ। ਇਸ ਦੇ ਲਈ ਜ਼ਰੂਰੀ ਹੈ ਕਿ ਬਹੁਤ ਸੱਖਤ ਰੂਪ ਵਿਚ ਸਾਦਗੀ ਦਾ ਬੰਧਨ ਲੋਕਾਂ ਨੂੰ ਪ੍ਰਵਾਨ ਨਹੀਂ ਹੋਵੇਗਾ, ਇਹ ਮੰਨਣਾ ਪਵੇਗਾ। ਜਿੱਥੇ ਕਿਤੇ ਵੀ ਸੰਭਵ ਹੋਵੇ, ਖੁਸ਼ੀ ਜਾਂ ਗਮੀ ਦੇ ਸਮਾਗਮਾਂ ਦੀ ਗਿਣਤੀ ਘਟਾਉਣੀ ਪਵੇਗੀ। ਦਾਸ ਨੂੰ ਯਾਦ ਹੈ ਕਿ ਕਈਆਂ ਨੇ ਕਰਜ਼ਾ ਲੈ ਕੇ ਘਰ ਬਣਾਏ ਅਤੇ ਕੀਰਤਨ ਕਰਵਾ ਕੇ ਸੰਗਤ-ਪੰਗਤ ਦੀ ਰੌਣਕ ਲਗਾਈ। ਉਨ੍ਹਾਂ ਦਾ ਖਰਚਾ ਬਹੁਤਾ ਨਹੀਂ ਹੋਇਆ ਜੇ ਕੋਈ ਕਹੇ ਕਿ ਇਹ ਸਮਾਗਮ ਕਰਨਾ ਹੀ ਕਿਉਂ ਹੈ? ਤਾਂ ਜਵਾਬ ਦੇ ਸਕਦੇ ਹਾਂ ਕਿ ਨਵੇਂ ਘਰ ਵਿਚ ਗੁਰੂ ਸਰੂਪ ਤੇ ਸਾਧ ਸੰਗਤ ਦੇ ਚਰਨ ਪੈਣ ਨਾਲ ਆਸਰਾ, ਅਧਾਰ ਤੇ ਸੋਭਾ ਮਿਲਦੇ ਹਨ ।

ਗਮੀਂ ਦੇ ਬੁਹਤ ਸਮਾਗਮ ਵੀ ਅੱਜ ਕੱਲ ਭਾਰੀ ਖਰਚੇ ਨਾਲ ਕੀਤੇ ਜਾ ਰਹੇ ਹਨ। ਬਿਲਕੁਲ ਖੁਸ਼ੀ ਦੇ ਸਮਾਗਮ ਵਾਲਾ Menu (ਪਕਵਾਨਾਂ ਦੀ ਸੂਚੀ) ਤਿਆਰ ਹੁੰਦਾ ਹੈ। ਵਿਆਹ ਦੇ ਖੱਰਚ ਅਤੇ ਗਮੀਂ ਦੇ ਖੱਰਚ ਵਿਚਲਾ ਅੰਤਰ ਖਤਮ ਹੋ ਗਿਆ ਲਗਦੈ, ਖਾਸ ਕਰ ਉਦੋਂ ਜੱਦ ਘਰ ਦਾ ਬਜ਼ੁਰਗ ਚੱਲ ਵਸੇ।

ਵਿਆਹ ਕਾਰਡਾਂ ਅਤੇ ਡੱਬਿਆਂ ਦਾ ਦੌਰ ਦੌਰਾ ਕੁਝ ਘੱਟਿਆ ਲੱਗਦਾ ਹੈ ਤੇ ਹੁਣ ਵੱਟਸਐਪ ਤੇ ਵੀ ਸੱਦਾ ਦੇਣ ਦਾ ਰਿਵਾਜ਼ ਪੈ ਗਿਆ ਹੈ। **ਪਰ ਇਹ ਨਾਂ ਹੋਵੇ ਕਿ ਸਮਾਜ ਵਿੱਚੋਂ ਮੋਹ-ਭੰਗ ਦਾ ਸਮਾਂ ਹੀ ਆ ਜਾਵੇ। ਕੋਈ ਕਿਸੇ ਦੀ ਪਰਵਾਹ ਹੀ ਨਾਂ ਕਰੇ ਅਤੇ ਹਰੇਕ ਕੋਈ ਬੇਪਰਵਾਹ ਹੋ ਕੇ ਆਪਣੀ ਮਰਜ਼ੀ ਹੀ ਕਰਦਾ ਫਿਰੇ। ਸਮਾਜਿਕ ਰਸਮਾਂ ਨੂੰ ਸਾਦਾ ਬਨਾਉਣਾ ਹੈ, ਨਾਂ ਕਿ ਖਤਮ ਹੀ ਕਰ ਦੇਣਾ ਹੈ।** ਇਸ ਬਾਰੇ ਸੋਚਣਾ ਜ਼ਰੂਰੀ ਹੈ।

ਚੰਗਾ ਹੋਵੇ ਜੇ ਅਤਿ ਗਰੀਬ, ਗਰੀਬ, ਮੱਧ ਵਰਗੀ, ਉੱਚ ਵਰਗ ਅਤੇ ਉੱਚ ਮੱਧ ਵਰਗੀ ਅਤੇ ਅਤਿ ਅਮੀਰ, ਇਨ੍ਹਾਂ ਸਭਨਾਂ ਦੇ ਲਈ ਸਮਾਗਮਾਂ ਦੇ ਮਾਡਲਾਂ ਸੰਬੰਧੀ ਬਹਿਸ ਹੋਵੇ। ਇਨ੍ਹਾਂ ਸਭ ਦੇ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜੱਥੇਦਾਰ, ਸਿੰਘ ਸਾਹਿਬ ਰਣਜੀਤ ਸਿੰਘ ਹੁਰਾਂ ਦੇ ਸਮੇਂ ਦਾ ਹੁਕਮ, ਇੱਕ ਕਰਾਮਾਤੀ ਪ੍ਰਭਾਵ ਰੱਖਦਾ ਹੈ ਕਿ ਅਨੰਦ ਕਾਰਜ ਕੇਵਲ ਗੁਰਦੁਆਰਾ ਸਾਹਿਬ ਵਿੱਚ ਹੀ ਹੋ ਸਕਦਾ ਹੈ।

'ਸਾਦੀਆਂ ਰਸਮਾਂ-ਖੁਸ਼ੀਆਂ ਦਾ ਚਸ਼ਮਾ' ਦਾ ਆਦਰਸ਼ ਪੂਰਾ ਕਰਨ ਦੇ ਲਈ ਸਭ ਸਮਾਜ ਦਰਦੀ ਜਲਦੀ ਮਿਲ ਜੁੱਲ ਕੇ ਯਤਨ ਕਰਨ।

# ਸੰਜਮ ਤੇ ਸਾਦਗੀ

**ਡਾਕਟਰ ਬ੍ਰਿਜਪਾਲ ਸਿੰਘ**
ਪਟਿਆਲਾ

ਸੰਜਮ ਮਨ ਨੂੰ, ਬਿਰਤੀ ਨੂੰ ਘੜਨਾ ਹੈ। ਸੁਹਣਾ ਦਿਸਣਾ, ਸੁਹਣਾ ਲਗਣਾ ਤੇ ਸੁਹਣਾ ਹੋਣ ਦਾ ਫਰਕ ਸਮਝੀਏ। ਸ਼ਿੰਗਾਰ, ਕਾਸਮੈਟਿਕ, ਤੇ ਬਿਊਟੀਸ਼ੀਅਨ - ਸੁਹਣਾ ਬਣਉਂਦੇ ਨਹੀਂ, ਸੁਹਣਾ ਵਿਖਾਉਂਦੇ ਹਨ।

ਸੁਹਣਾ ਤੇ ਸੱਚਾ ਹੋਣਾ; ਇਹ ਸੰਜਮ ਤੇ ਪ੍ਰਭੂ ਕਿਰਪਾ ਨਾਲ ਮਿਲਦਾ ਹੈ। ਸੁਹਣਾ ਤੇ ਸੱਚਾ ਲਗਣਾ; ਇਹ ਮੈਨੇਜਮੈਂਟ ਜਾਂ ਪ੍ਰਬੰਧ ਵਿਹਾਰ ਹੈ।

ਸੰਜਮ ਵਿਚੋਂ ਸੱਚ ਤੇ ਸਾਦਗੀ ਨਿਕਲੇਗੀ।

ਵਿਖਾਵੇ ਵਿਚੋਂ ਥੋੜੇ ਚਿਰ ਲਈ ਉਪਰਲੀ ਲਿਸ਼ਕ ਦਿਸ ਸਕਦੀ ਹੈ, ਪਰ ਅੰਦਰ ਦਾ ਚਾਨਣਾ ਸਦੀਵੀ ਸੰਜਮ ਰਾਹੀ ਹੀ ਬਣੇਗਾ। ਸੰਜਮ ਸਦੀਵੀ ਹੈ, ਵਿਖਾਵਾ ਆਰਜ਼ੀ ਹੈ। ਸੰਜਮ ਸੁਭਾਅ ਹੈ, ਵਿਖਾਵਾ ਧੋਖਾ ਹੈ। ਧੋਖਾ ਥੋੜੇ ਚਿਰ ਲਈ ਚਲ ਸਕਦਾ ਹੈ। ਕੁਝ ਦੇਰ ਲਈ ਭਰਮਾਅ ਸਕਦਾ ਹੈ। ਥੋੜੇ ਚਿਰ ਦੀ ਵਾਹ-ਵਾਹ ਦੇ ਕੇ ਫਿਰ ਦੁਖ ਦੇ ਖੂਹ ਵਿਚ ਪਾ ਦੇਂਦਾ ਹੈ। ਅੰਦਰ ਦਾ ਸੰਜਮ, ਡਿਸਿਪਲਿਨ ਬਣਾਉਣ ਲਈ ਅੰਦਰ ਦੀ ਮੁਸ਼ੱਕਤ ਦੀ, ਸਾਧਨਾ ਦੀ, ਸਵੈ-ਘਾੜਤ ਦੀ ਤੇ ਗੁਰ ਕਿਰਪਾ ਦੀ ਲੋੜ ਹੁੰਦੀ ਹੈ।

**ਗੁਰ ਮਿਲਿ ਚਜੁ ਅਚਾਰੁ ਸਿਖੁ ਤੁਧ ਕਦੇ ਨ ਲਗੇ ਦੁਖੁ॥** (ਅੰਗ 50)

**ਵਿਖਾਵਾ ਹੰਕਾਰ ਦਿੰਦਾ ਹੈ। ਮਨ ਦਾ ਵਿਕਾਰ ਦਿੰਦਾ ਹੈ। ਕਲਪਣਾ ਤੇ ਚਿੰਤਾ ਰੋਗ ਦਿੰਦਾ ਹੈ। ਡਰ, ਭੈ, ਭਰਮ ਵਿਚ ਪਾਉਂਦਾ ਹੈ।**

ਮਨ ਆਤਮਾ ਦਾ ਸੰਜਮ ਨਿਰੰਕਾਰ ਨਾਲ ਮਿਲਾਉਂਦਾ ਹੈ। ਸਦਾ ਦਾ ਪ੍ਰਭੂ ਪਿਆਰ ਦਿੰਦਾ ਹੈ। ਨਿਰਵੈਰ ਤੇ ਨਿਰਵਿਕਾਰ ਕਰਦਾ ਹੈ। ਰੱਬ ਤੇ ਮਾਨਵ ਦੀ ਵਿੱਥ ਹਟਾ ਕੇ ਮਨੁਖ ਨੂੰ ਰੱਬ ਦਾ ਚਹੇਤਾ ਤੇ ਸਹੀ ਇਨਸਾਨੀਅਤ ਵਿਚ ਲੋਹੇ ਤੋਂ ਕੰਚਨ ਤੇ ਕੰਚਨ ਤੋਂ ਪਾਰਸ ਕਰਦਾ ਹੈ।

**ਸੰਜਮ ਵਿਚੋਂ ਸਹਿਜ, ਸੁਹਜ ਤੇ ਸਾਦਗੀ ਆਪੇ ਆਪ ਉਪਜਦੀ ਹੈ।** ਸਾਦਗੀ ਦੀ ਸੁੰਦਰਤਾ ਵੀ ਨਿਆਰੀ ਹੈ। ਇਹ ਭੜ੍ਹਕ ਤੇ ਬੜ੍ਹਕ ਨਹੀਂ ਪੈਦਾ ਲਰਦੀ। ਇਹ ਸ਼ਾਂਤ, ਸ਼ੀਤਲਤਾ ਦਾ ਸੁਆਦ ਬਖਸ਼ਦੀ ਹੈ। ਮਨ ਦੀ ਅਡੋਲਤਾ ਤੇ ਆਤਮਾ ਦੀਆਂ ਉਚਾਣਾ ਵਲ ਲਿਜਾਂਦੀ ਹੈ। ਇਹ ਫੈਸ਼ਨ ਦੇ ਮਗਰ ਨਹੀਂ ਜਾਂਦੀ। ਇਹ ਫੈਸ਼ਨ ਨੂੰ ਦਿਸ਼ਾ ਦਿਖਾਂਦੀ ਹੈ। ਫੈਸ਼ਨ ਸਾਦਗੀ ਦੀ ਨਕਲ ਕਰਨ ਦਾ ਯਤਨ ਕਰਦਾ ਹੈ। ਪਰ

ਸਾਦਗੀ ਹੁੰਦੀ ਹੈ ਤੇ ਫੈਸ਼ਨ ਸਾਦਾ-ਸੁਹਣਾ ਦਿਸਣ ਦਾ ਯਤਨ ਹੈ। ਫੈਸ਼ਨ ਉਪਰ ਦਸੇ ਵਾਂਗ ਵਿਖਾਵਾ ਹੈ। **ਸਾਦਗੀ ਜੀਵਨ ਹੈ, ਚਰਿਤਰ ਹੈ, ਸ਼ਖਸ਼ੀਅਤ ਉਸਾਰੀ ਹੈ।** ਸਾਦਗੀ ਤੇ ਸੰਜਮ ਰੱਲ ਕੇ ਸਿੱਖੀ ਦੇ ਸੱਚ ਨੂੰ ਪਹੁੰਚਣ ਵਲ ਜਾਂਦੇ ਹਨ।

ਸਾਦਗੀ ਕਈ ਵਾਰੀ ਥੋੜੇ ਚਿਰ ਦਾ ਫੈਸ਼ਨ ਵੀ ਹੋ ਸਕਦਾ ਹੈ। ਫੈਸ਼ਨ ਬਦਲਦਾ ਰਹਿੰਦਾ ਹੈ। ਸਾਦਗੀ, ਕੇਵਲ ਕਿਸੇ ਢੋਂਗੀ ਦਾ, ਵਿਖਾਵਾ ਵੀ ਹੋ ਸਕਦੀ ਹੈ। ਪਰ ਇਹ ਧੋਖਾ ਬਹੁਤੀ ਦੇਰ ਨਹੀਂ ਚਲ ਸਕਦਾ। ਅਸਲ ਵਿਚ ਸਾਦਗੀ ਚਰਿਤਰ ਤੇ ਸੁਭਾਅ ਵਿਚ ਸਮਾਈ ਸਥਾਈ ਸ਼ਖਸੀਅਤ ਹੋ ਜਾਂਦੀ ਹੈ। ਇਹ ਸਾਦਗੀ ਸੁਖਦਾਈ ਤੇ ਸਦਾ ਦੀ ਮਨੁਖਤਾਈ ਹੋ ਜਾਂਦੀ ਹੈ।

ਸਾਦਗੀ ਸਾਡੇ ਜੀਵਨ ਵਿਚ ਕਿਵੇਂ ਆਵੇ?

ਸਾਦਗੀ ਸੱਚ, ਸਿੱਖੀ ਤੇ ਸੰਜਮ ਤੇ ਆਧਾਰਤ ਹੋਵੇ। ਇਹ ਪਬਲਿਸਿਟੀ ਤੇ ਇਮੇਜ ਬਣਾਉਣ ਦੀ ਮੈਨੇਜਮੈਂਟ ਜਾਂ ਪ੍ਰਬੰਧ ਨਾਂਹ ਹੋਵੇ।

ਸਾਦਗੀ ਪਹਿਰਾਵੇ ਤੋਂ ਸ਼ੁਰੂ ਹੁੰਦੀ ਹੈ। ਪਹਿਰਾਵਾ ਆਪਣੇ ਤਨ ਨੂੰ ਢਕਣ ਲਈ; ਸੁਹਜ ਤੇ ਸੁੰਦਰਤਾ ਨੂੰ ਚਰਿਤਰ ਦਾ ਅੰਗ ਬਣਾਣ ਲਈ ਹੋਣਾ ਚਾਹੀਦਾ ਹੈ। ਸਰੀਰਕ ਅੰਗਾਂ ਨੂੰ ਪਰਗਟ ਕਰਨ ਲਈ ਜਾਂ ਉਭਾਰਨ ਲਈ ਨਹੀਂ; ਉਨਾਂ ਨੂੰ ਰੱਬ-ਦਿਤੀ ਥਾਂ ਤੇ ਟਿਕਾਣ ਲਈ ਹੋਣਾ ਚਾਹੀਦਾ ਹੈ। ਕੋਈ ਵੀ ਪਹਿਰਾਵਾ ਜੋ ਅੰਗਾਂ ਦਾ ਉਭਾਰ, ਅਰਧ-ਪਰਦਰਸ਼ਨ ਜਾਂ ਖੁੱਲ੍ਹਾ ਪਰਦਰਸ਼ਨ ਬਣਦਾ ਹੈ; ਉਹ ਅੰਦਰ ਵਸਦੇ ਸੱਚ ਨੂੰ ਘੜ੍ਹਨ ਦੀ ਬਜਾਏ, ਸੱਚ ਨੂੰ ਕੂੜ-ਪ੍ਰਗਟਾਵ ਵਲ ਲਿਜਾ ਕੇ ਸਿਖੀ ਤੇ ਸ੍ਰਿਸ਼ਟੀ ਦੇ ਨਿਯਮਾਂ ਦੇ ਵਿਪਰੀਤ ਜਾਂਦਾ ਹੈ। ਸਿੱਖੀ ਸਪਿਰਿਟ ਅੰਗ ਪਰਦਰਸ਼ਨ ਭੜਕਾਊਪਣੇ ਦੇ ਬਿਲਕੁਲ ਉਲਟ ਹੈ। ਇਹ ਸੱਚ ਦੀ ਨਹੀਂ, ਕੱਚ ਦੀ ਖੇਡ ਤੇ ਕੱਚ ਦਾ ਵਪਾਰ ਹੈ। ਇਹ ਪਰਦਰਸ਼ਨ ਰਾਹ-ਭਾਂਦੇ ਲੋਕਾਂ ਤੇ ਦਰਸ਼ਕਾਂ ਦੀ ਹੂਆ ਹੂਆ ਹੈ। ਵਾਹ ਵਾਹ ਵੀ ਨਹੀਂ।

ਬੱਚੇ ਤੇ ਬੱਚੀਆਂ ਨੂੰ ਅੱਜ ਦਾ ਯੁਗ ਚੁਣੌਤੀ ਹੈ। ਹਰ ਦੁਨਿਆਵੀ, ਤਕਨੀਕੀ, ਵਿਦਿਅਕ ਤੇ ਖੇਡ ਸੰਸਾਰ ਦੀ ਪ੍ਰਾਪਤੀ ਸਾਦਗੀ ਦੇ ਪਹਿਰਾਵੇ ਤੇ ਅੰਗ ਪਰਦਰਸ਼ਨ ਤੋਂ ਬਿਨਾਂ ਹੋ ਸਕਦੀ ਹੈ। ਅੰਗ ਪਰਦਰਸ਼ਨ ਤੇ ਭੇਡ ਚਾਲ ਭੜਕਾਊ ਫੈਸ਼ਨ ਸਿੱਖ ਜੀਵਨ ਦੇ ਸੱਚ ਤੋਂ ਉਲਟ, ਵਖਰੀਆਂ ਤੇ ਦੂਰ ਦੀਆਂ ਗਲਾਂ ਹਨ। ਸਿੱਖ ਕਹਿਲਾਂਦੇ ਇਹ ਕਰਦੇ ਸ਼ਰਮ ਕਰਨ ਤੇ ਵਾਪਸ ਸਿੱਖੀ ਵਲ ਮੁੜ ਆਣ ਤਾਂ ਕਿ ਸੰਜਮ ਤੇ ਸਹਿਜ ਦੁਆਰਾ ਸਿੱਖੀ ਪ੍ਰਾਪਤ ਕਰਨ।

ਜਨਮ ਦਿਨ, ਵਿਆਹ ਦਿਨ, ਕੋਈ ਹੋਰ ਖੁਸ਼ੀ ਕਿਸੇ ਵੀ ਪਰਾਪਤੀ ਲਈ ਕਰਨੀ ਤੇ ਸੋਗ ਦਿਨ ਵੀ - ਇਹ ਸਾਰੇ ਸਾਡੇ ਸਮਾਜ ਦੇ ਨਵੇਂ ਪੁੰਗਰੇ ਉਪਜੇ ਫੈਸ਼ਨ, ਵਿਖਾਵੇ

ਤੇ ਮਾਇਆ ਖਰਚਣ, ਵਿਖਾਣ ਦੀ ਫੂੰ ਫਾਂ ਤੇ ਹੂ-ਹਾ ਬਣਕੇ ਰਹਿ ਗਏ ਹਨ। ਇਹ ਜ਼ਹਿਨੀਅਤ, ਇਹ ਸੋਚ ਸਿਖੀ-ਉਦੇਸ਼, ਸਿਖੀ ਸਿਪਿਰਿਟ ਤੇ ਗੁਰਮਤ ਦੇ ਸਰਾਸਰ ਵਿਪਰੀਤ ਦਿਸ਼ਾ ਵਲ ਜਾਂਦੇ ਹਨ। ਜੋ ਇਹ ਕਰਦੇ ਹਨ ਉਹ ਗੁਰੂ ਦੇ ਕਰਜ਼ਦਾਰ ਤੇ ਸ਼ਰਮਸਾਰ ਕਰਦਾਰ ਵਾਲੇ ਹਨ। ਪਿਆਰਿਓ! ਸਿੱਖੀ ਸੰਸਾਰੀ ਵਿਖਾਵਾ ਨਹੀਂ, ਅਧਿਆਤਮ ਸਦੀਵੀ ਆਨੰਦ ਤੇ ਮਨੁੱਖੀ ਜੀਵਨ ਦਾ ਸਹੀ ਮੰਤਵ ਹੈ। ਇਸ ਨੂੰ ਕਾਇਮ ਰਖੋ, ਜਿਸ ਲਈ ਇਤਿਹਾਸ ਵਿਚ ਸਿੱਖਾਂ ਨੇ ਸਿਰ ਦੇ ਕੇ ਸੰਭਾਲਿਆ। ਅਸੀਂ ਸਿਰ ਫਿਰੇ ਹੋ ਕੇ, ਬੇਸ਼ਰਮ ਹੋ ਕੇ, ਗੁਰੂ ਤੋਂ ਬੇਮੁਖ ਹੋ ਕੇ, ਅੱਜ ਦੀ ਮਾਇਕ ਬਹੁਲਤਾ ਤੇ ਖੁਸ਼ਹਾਲੀ ਵਿਚ ਹੁੰਦੇ ਹੋਏ ਵੀ ਪੁੱਠੇ ਪਾਸੇ ਜਾ ਰਹੇ ਹਾਂ। ਵਕਤ ਹੈ, ਰੁੱਕ ਜਾਓ। ਆਣ ਵਾਲੇ ਸੱਚੇ ਸਿੱਖਾਂ ਨੂੰ ਸਾਡੇ ਕਰਦਾਰ ਤੋਂ ਸ਼ਰਮ ਸਾਰ ਨਾਂਹ ਕਰੋ ਜੀ।

ਇਕ ਹੋਰ ਬੇਨਤੀ। ਗੁਰਦੁਆਰੇ ਆਧਿਆਤਮਿਕਤਾ ਤੇ ਸਦਾ ਆਨੰਦ ਦੇ ਸੋਮੇ ਬਣਾਏ ਸਨ ਸਾਡੇ ਗੁਰੂ ਸਾਹਿਬਾਨ ਨੇ। ਘਰ ਘਰ ਅੰਦਰ ਧਰਮਸਾਲ ਹੋਵਹਿ ਕੀਰਤਨ ਸਦਾ ਵਿਸੋਆ ਤੋਂ ਸ਼ੁਰੂ ਹੋਕੇ, ਹੁਣ ਮਹਿੰਗੇ ਤੇ ਕੀਮਤੀ ਰੁਮਾਲੇ, ਚਾਨਣੀਆਂ, ਸੋਨੇ ਤੇ ਪਰਦਰਸ਼ਨੀ ਦੀਪਮਾਲਾ ਤੇ ਆਤਸ਼ਬਾਜ਼ੀ ਦੇ ਢੇਰ ਵਿਖਾਵੇ ਨਾਂਹ ਬਣਨ ਦਿਉ। ਇਹ ਵਿਖਾਵਾ, ਫੈਸ਼ਨ ਹੈ।

**ਵਾਹਿਗੁਰੂ ਨੇ ਪੈਸਾ ਦਿਤਾ ਹੈ ਤਾਂ ਗਰੀਬਾਂ ਦੇ ਘਰ ਉਜਲੇ ਕਰੋ। ਸਸਤੀ ਤੇ ਸਭ ਲਈ ਇਕਸਾਰ ਵਿਦਿਆ ਪਰਸਾਰ ਕਰੋ। ਵਜ਼ੀਫੇ ਲਾ ਕੇ ਗਰੀਬਾਂ ਨੂੰ ਆਪਣੇ ਨੇੜੇ ਲਿਆਉ। ਵਿਛੜਿਆਂ ਨੂੰ ਰੱਬ ਵਲ ਲਾਵੋ।**

ਅਰਦਾਸ ਕਰੋ। ਕੋਸ਼ਿਸ਼ ਕਰੋ। ਆਪਣੇ ਤੇ ਪਰਿਵਾਰ ਤੋਂ ਸਖਤੀ ਨਾਲ ਸ਼ੁਰੂ ਹੋ ਕੇ, ਸਾਰਿਆਂ ਨੂੰ ਪਿਆਰ ਨਾਲ ਗਲਵਕੜੀ ਪਾ ਕੇ ਸਮਝਾਵੋ - ਆਪ ਨਾਂ ਡੋਲੋ। ਡੋਲਦਿਆਂ ਨੂੰ ਸਹਾਰਾ ਦਿਉ।

## ਫਜ਼ੂਲ ਖਰਚੀ ਦਾ ਪਛਤਾਵਾ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵਿਖੇ ਕਿਸਾਨ ਮੇਲੇ ਦੌਰਾਨ ਕੀਤੇ ਸਰਵੇਖਣ ਵਿਚ ਇਕ ਦਿਲਚਸਪ ਤੱਥ ਸਾਹਮਣੇ ਆਇਆ। ਵਿਆਹਾਂ ਸਮੇਂ ਫਜ਼ੂਲ ਖਰਚੀ ਕਰਨ ਵਾਲੇ ਕਿਸਾਨਾਂ ਵਿਚੋਂ 92 ਫੀਸਦੀ ਕਿਸਾਨਾਂ ਨੇ ਇਸ ਗੱਲ ਤੇ ਪਛਤਾਵਾ ਜ਼ਾਹਰ ਕੀਤਾ ਕਿ ਓਹਨਾਂ ਨੇ ਬਿਨਾਂ ਸੋਚੇ ਸਮਝੇ ਐਨਾ ਪੈਸਾ ਵਿਖਾਵਿਆਂ ਤੇ ਬਰਬਾਦ ਕੀਤਾ। ਜੇ ਉਦੋਂ ਸਮਝ ਹੁੰਦੀ ਜਾਂ ਅਜਿਹੀ ਲਹਿਰ ਚਲਦੀ ਹੁੰਦੀ ਤਾਂ ਸਾਡਾ ਕਿਨਾਂ ਪੈਸਾ ਬਚ ਜਾਣਾ ਸੀ। ਠੀਕ ਹੀ ਕਿਹਾ ਹੈ!

**ਵਿਆਹਾਂ, ਭੋਗਾਂ ਸਮੇਂ ਵਿਖਾਵਾ ਦਿਨ ਚਾਰ ਦਾ**
**ਕਰਜ਼ਾ ਤੇ ਪਛਤਾਵਾ ਉਮਰ ਭਰ ਮਾਰਦਾ**

# ਪੰਜਾਬੀਆਂ ਵਿਚ ਵਿਖਾਵੇ ਦਾ ਹੋ ਰਿਹਾ ਵਾਧਾ

**– ਡਾ. ਰਣਜੀਤ ਸਿੰਘ**
(ਸਾਬਕਾ ਡੀਨ, ਖੇਤੀਬਾੜੀ ਕਾਲਜ)

ਪੰਜਾਬ ਨੂੰ ਇਹ ਮਾਣ ਹਾਸਲ ਹੈ ਕਿ ਇੱਥੇ ਮਨੁੱਖੀ ਸੱਭਿਅਤਾ ਦਾ ਵਿਕਾਸ ਹੋਇਆ। ਭਾਰਤ ਦੇ ਚਾਰੇ ਸਭ ਤੋਂ ਪਵਿੱਤਰ ਮੰਨੇ ਜਾਂਦੇ ਧਰਮ ਗ੍ਰੰਥਾਂ, ਵੇਦ, ਰਾਮਾਇਣ, ਗੀਤਾ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਇੱਥੇ ਹੀ ਹੋਈ। ਇਹ ਗੁਰੂਆਂ, ਪੀਰਾਂ, ਫਕੀਰਾਂ ਦੀ ਧਰਤੀ ਹੈ। ਇਥੋਂ ਹੀ ਸਾਰੇ ਸੰਸਾਰ ਨੂੰ ਸਮਾਜਿਕ ਕਦਰਾਂ ਕੀਮਤਾਂ ਦੀ ਸੋਝੀ ਹੋਈ। ਗੁਲਾਮੀ ਦੇ ਬੰਧਨਾਂ ਕਾਰਨ ਸਮਾਜਿਕ ਕਦਰਾਂ ਕੀਮਤਾਂ ਵਿਚ ਆਈ ਗਿਰਾਵਟ ਨੂੰ ਗੁਰੂ ਨਾਨਕ ਸਾਹਿਬ ਤੇ ਉਨ੍ਹਾਂ ਦੇ ਨੌਂ ਸਰੂਪਾਂ ਨੇ ਕੋਈ 230 ਸਾਲਾਂ ਵਿਚ ਪ੍ਰਪੱਕ ਕੀਤਾ। ਗੁਰੂ ਸਾਹਿਬਾਨ ਨੇ ਕਿਰਤ ਕਰਨ, ਵੰਡ ਛਕਣ ਤੇ ਨਾਮ ਜਪਣ ਦੀ ਜੀਵਨ ਜਾਚ ਲੋਕਾਈ ਨੂੰ ਸਿਖਾਈ। ਉਨ੍ਹਾਂ ਵਲੋਂ ਹੀ ਸੱਚ, ਸੰਤੋਖ ਤੇ ਵੀਚਾਰੋ ਦੇ ਜੀਵਨ ਫ਼ਲਸਫ਼ੇ ਦੀ ਬਖਸ਼ਿਸ਼ ਸੰਸਾਰ ਉਤੇ ਕੀਤੀ ਗਈ ਪਰ **ਅਫ਼ਸੋਸ ਨਾਲ ਲਿਖਣਾ ਪੈਂਦਾ ਹੈ ਕਿ ਪੰਜਾਬੀ ਹੁਣ ਇਨ੍ਹਾਂ ਕਦਰਾਂ ਕੀਮਤਾਂ ਤੋਂ ਦੂਰ ਹੋ ਰਹੇ ਹਨ। ਉਨ੍ਹਾਂ ਵਿਚ ਖਪਤਕਾਰੀ ਅਤੇ ਵਿਖਾਵਾ ਵੱਧ ਰਹੇ ਹਨ। ਨਿਮਰਤਾ ਦੀ ਥਾਂ ਹਉਮੈ ਪੰਜਾਬੀਆਂ ਦੇ ਜੀਵਨ ਦਾ ਅੰਗ ਬਣ ਰਹੀ ਹੈ।**

ਭਾਰਤ ਸਰਕਾਰ ਵਲੋਂ ਕੀਤੇ ਇਕ ਸਰਵੇਖਣ ਨੇ ਸਿੱਧ ਕੀਤਾ ਸੀ ਕਿ **ਪੰਜਾਬੀ ਸਭ ਤੋਂ ਵੱਧ ਖਰਚੀਲੇ ਹਨ।** ਪੰਜਾਬੀਆਂ ਵਿਚ ਵੀ ਪੰਜਾਬ ਦੀ ਸਨਅੱਤੀ ਰਾਜਧਾਨੀ ਲੁਧਿਆਣਾ ਵਾਸੀ ਸਭ ਤੋਂ ਵੱਧ ਖਰਚੀਲੇ ਹਨ। ਇਕ ਪ੍ਰਸਿੱਧ ਅਖ਼ਬਾਰ ਨੇ ਇਹ ਵੇਖਣ ਲਈ ਸਰਵੇਖਣ ਕੀਤਾ ਕਿ ਲੁਧਿਆਣਵੀ ਕਿਸ ਲਈ ਖਰਚ ਕਰਦੇ ਹਨ। ਇਸ ਸਰਵੇਖਣ ਤੋਂ ਪਤਾ ਲੱਗਿਆ ਕਿ **75 ਪ੍ਰਤੀਸ਼ਤ ਖਰਚਾ ਕੇਵਲ ਵਿਖਾਵੇ ਲਈ ਕੀਤਾ ਜਾਂਦਾ ਹੈ। ਇਸ ਸੋਚ ਦਾ ਸਭ ਤੋਂ ਬੁਰਾ ਪ੍ਰਭਾਵ ਗਰੀਬਾਂ ਖਾਸ ਕਰਕੇ ਪਿੰਡਾਂ ਦੀ ਵਸੋਂ ਉਤੇ ਪਿਆ ਹੈ।** ਸਮਾਜ ਵਿਚ ਆਪਣੀ ਫੋਕੀ ਸ਼ਾਨ ਬਨਾਉਣ ਲਈ ਉਨ੍ਹਾਂ ਨੂੰ ਵਿੱਤੋਂ ਵੱਧ ਖਰਚ ਕਰਨਾ ਪੈ ਰਿਹਾ ਹੈ ਜਿਸ ਲਈ ਉਨ੍ਹਾਂ ਨੂੰ ਕਰਜਾ ਲੈਣਾ ਪੈਂਦਾ ਹੈ। ਪਿੰਡ ਵਾਸੀਆਂ ਦੀ ਬਹੁਗਿਣਤੀ ਕਰਜੇ ਵਿਚ ਜਕੜੀ ਗਈ ਹੈ। ਪੰਜਾਬ ਦੀ ਨੌਜਵਾਨ ਪੀੜ੍ਹੀ ਨਸ਼ਿਆਂ ਦੀ ਸ਼ਿਕਾਰ ਹੋ ਗਈ ਹੈ। ਕੁੱਖ ਵਿਚ ਕੁੜੀਆਂ ਮਾਰਨ ਨੂੰ ਬੁਰਾ ਨਹੀਂ ਮੰਨਿਆ ਜਾਂਦਾ। ਹੱਥੀਂ ਕੰਮ ਕਰਨਾ ਅਸੀਂ ਹੇਠੀ ਸਮਝਣ ਲੱਗ ਪਏ ਹਾਂ। ਪ੍ਰਵਾਸੀ ਮਜਦੂਰਾਂ ਉਤੇ ਸਾਡੀ ਨਿਰਭਰਤਾ ਏਨੀ ਵੱਧ ਗਈ ਹੈ ਕਿ ਹੁਣ ਉਨ੍ਹਾਂ ਦੀ ਗਿਣਤੀ ਸੂਬੇ ਵਿਚ 15 ਫੀਸਦੀ ਤੱਕ ਵੱਧ ਗਈ ਹੈ। ਖੇਤਾਂ, ਫੈਕਟਰੀਆਂ ਅਤੇ ਘਰਾਂ ਵਿਚ ਹਰ ਥਾਂ ਦੂਜੇ ਸੂਬਿਆਂ ਦੇ ਮਜ਼ਦੂਰ ਨਜ਼ਰ ਆ ਰਹੇ ਹਨ। ਸਾਡੇ ਪਿੰਡ ਇਕ ਇਕ ਕਰਕੇ ਮਰ

ਰਹੇ ਹਨ। ਉਨ੍ਹਾਂ ਦੇ ਨਾਲ ਹੀ ਸਾਡੀਆਂ ਪਰੰਪਰਾਵਾਂ, ਸੱਭਿਆਚਾਰ, ਲੋਕਗੀਤ, ਲੋਕ ਨਾਚ, ਲੋਕ ਬੋਲੀ ਵੀ ਮਰ ਰਹੀ ਹੈ।

ਮਨੁੱਖੀ ਵਿਕਾਸ ਹੋਣ ਦੀ ਥਾਂ ਨਿਘਾਰ ਵਲ ਜਾ ਰਿਹਾ ਹੈ, ਇਸ ਦਾ ਮੁੱਖ ਕਾਰਨ ਵਿਦਿਅਕ ਢਾਂਚੇ ਦਾ ਟੁੱਟ ਜਾਣਾ ਹੈ। ਸਰਕਾਰ ਅਤੇ ਅਧਿਆਪਕ ਇਸ ਪਾਸੇ ਸੰਜੀਦਾ ਨਹੀਂ ਹਨ। ਇਸੇ ਦਾ ਅਸਰ ਪੰਜਾਬੀਆਂ ਉਤੇ ਪੈ ਰਿਹਾ ਹੈ। ਉਨ੍ਹਾਂ ਦੇ ਜੀਵਨ ਵਿਚੋਂ ਵੀ ਸੰਜੀਦਗੀ ਖਤਮ ਹੋ ਰਹੀ ਹੈ। **ਬਹੁਗਿਣਤੀ ਦੀ ਸੋਚ ਬਣ ਰਹੀ ਹੈ ਕਿ ਜੀਵਨ ਵਿਚ ਪੈਸਾ ਹੀ ਸਭ ਤੋਂ ਮਹੱਤਵਪੂਰਨ ਹੈ, ਉਸ ਨੂੰ ਪ੍ਰਾਪਤ ਕਰਨ ਲਈ ਕੁਝ ਵੀ ਕਰ ਲੈਣਾ ਚਾਹੀਦਾ ਹੈ। ਇਸ ਸੋਚ ਨਾਲ ਸਦੀਆਂ ਤੋਂ ਚਲੀਆਂ ਆ ਰਹੀਆਂ ਸਦਾਚਾਰਕ ਕਦਰਾਂ ਕੀਮਤਾਂ ਦਮ ਤੋੜਨ ਲੱਗ ਪਈਆਂ ਹਨ।** ਇਥੋਂ ਤੱਕ ਕਿ ਸਾਡੇ ਧਾਰਮਿਕ ਆਗੂ ਅਤੇ ਪ੍ਰਚਾਰਕ ਵੀ ਇਸ ਦੀ ਲਪੇਟ ਵਿਚ ਆ ਗਏ ਹਨ। ਉਨ੍ਹਾਂ ਦਾ ਮਿਸ਼ਨ ਲੋਕਾਂ ਨੂੰ ਧਰਮ ਦੇ ਨਾਲ ਜੋੜਨ ਦੀ ਥਾਂ ਮਾਇਆ ਬਟੋਰਨਾ ਬਣ ਗਿਆ ਹੈ। ਉਨ੍ਹਾਂ ਦੇ ਪ੍ਰਵਚਨ, ਕੀਰਤਨ ਜਾਂ ਸੇਵਾ ਮੁੱਲ ਵਿਕਦੀ ਹੈ। ਉਨ੍ਹਾਂ ਲਈ ਇਹ ਇਕ ਵਪਾਰਕ ਪੇਸ਼ਾ ਬਣ ਗਿਆ ਹੈ। ਜਦੋਂ ਧਰਮ ਦੇ ਪ੍ਰਚਾਰਕ ਪੇਸ਼ੇ ਦਾ ਰੂਪ ਧਾਰਨ ਕਰ ਲੈਣ ਫਿਰ ਭਲਾ ਸਬਰ ਤੇ ਸੰਜੀਦਗੀ ਉਥੇ ਕਿਵੇਂ ਠਹਿਰ ਸਕਦੀ ਹੈ। ਇਨ੍ਹਾਂ ਕੋਲ ਸੇਵਾ, ਸਾਦਗੀ, ਨਿਮਰਤਾ ਜਾਂ ਪ੍ਰੇਮ ਭਾਵ ਲਈ ਕੋਈ ਸਥਾਨ ਨਹੀਂ ਹੈ। ਜੀਵਨ ਦੇ ਵੱਧ ਸੁਖਾਂ ਨੂੰ ਪ੍ਰਾਪਤ ਕਰਨਾ ਹੀ ਇਨ੍ਹਾਂ ਦਾ ਮਕਸਦ ਹੈ। ਲੋਕਾਂ ਨੂੰ ਸੇਵਾ, ਸੱਚ, ਸਿਮਰਨ, ਸਾਦਗੀ, ਸੰਤੋਖ ਦੀ ਸਿੱਖਿਆ ਦੇਣ ਵਾਲੇ ਜਦੋਂ ਆਪ ਹੀ ਉਸ ਤੋਂ ਕੋਹਾਂ ਦੂਰ ਹੋ ਜਾਣਗੇ ਫਿਰ ਭਲਾ ਸੰਗਤ ਤੇ ਉਨ੍ਹਾਂ ਦੇ ਪ੍ਰਵਚਨਾਂ ਦਾ ਸਾਰਥਕ ਅਸਰ ਕਿਵੇਂ ਹੋਵੇਗਾ? ਜਿਸ ਸਮਾਜ ਦੇ ਆਗੂ ਹੀ ਸੱਚ, ਸੰਤੋਖ ਅਤੇ ਸੁਚੱਜੀ ਸੋਚ ਤੋਂ ਦੂਰ ਹੋ ਜਾਣ ਤਾਂ ਉਸ ਦਾ ਭਵਿੱਖ ਤਾਂ ਕਾਲਾ ਹੋਣਾ ਹੀ ਹੋਇਆ।

ਸਾਡੇ ਰਾਜਸੀ ਆਗੂ ਇਸ ਤੋਂ ਵੀ ਅੱਗੇ ਨਿਕਲ ਗਏ ਹਨ। ਰਾਜਨੀਤੀ ਹੁਣ ਸੇਵਾ ਜਾਂ ਸਮਾਜ ਦੀ ਸੇਵਾ ਨਹੀਂ ਸਗੋਂ ਇਕ ਬਹੁਤ ਹੀ ਘਟੀਆ ਧੰਦਾ ਬਣ ਗਈ ਹੈ। ਆਗੂਆਂ ਦਾ ਮੁੱਖ ਮੰਤਵ ਜਨਤਾ ਦੀ ਸੇਵਾ ਜਾਂ ਅਗਵਾਈ ਕਰਨਾ ਨਹੀਂ ਹੈ ਸਗੋਂ ਆਪਣੀ ਕੁਰਸੀ ਦੀ ਸਲਾਮਤੀ ਹੈ, ਜਿਸ ਨੂੰ ਕਾਇਮ ਰੱਖਣ ਲਈ ਉਹ ਕੋਈ ਵੀ ਘਟੀਆ ਤੋਂ ਘਟੀਆ ਹਥਿਆਰ ਵਰਤ ਸਕਦੇ ਹਨ। ਸਮਾਜ ਵਿਚ ਬੁਰੀ ਤਰ੍ਹਾਂ ਫੈਲਿਆ ਰਿਸ਼ਵਤ ਦਾ ਕੋਹੜ ਇਨ੍ਹਾਂ ਆਗੂਆਂ ਦੀ ਹੀ ਦੇਣ ਹੈ। ਅੰਗਰੇਜ਼ਾਂ ਦੀ ਪਾੜੋ ਅਤੇ ਰਾਜ ਕਰੋ ਦੀ ਨੀਤੀ ਨੂੰ ਇਹ ਪੂਰੀ ਸੰਜੀਦਗੀ ਨਾਲ ਅਪਣਾ ਰਹੇ ਹਨ। ਮਨੁੱਖ ਨੂੰ ਮਨੁੱਖ ਵਿਰੁੱਧ ਭੜਕਾਉਣਾ, ਲੜਾਉਣਾ ਅਤੇ ਨਫ਼ਰਤ ਦੀ ਕੰਧ ਖੜ੍ਹੀ ਕਰਨ ਨੂੰ ਇਹ ਬੁਰਾ ਨਹੀਂ ਸਮਝਦੇ, ਲੋਕਾਂ ਦੀ ਵਿਦਿਆ, ਜਾਗਰੁਕਤਾ, ਵਿਕਾਸ, ਸੋਝੀ ਆਦਿ ਨੂੰ ਇਹ ਆਪਣੀ ਕੁਰਸੀ ਲਈ ਵੱਡਾ ਖਤਰਾ ਸਮਝਦੇ ਹਨ। ਬਹੁਤੇ ਆਗੂਆਂ ਨੂੰ

ਲੋਕ ਭਲਾਈ ਕਾਰਜਾਂ ਨਾਲ ਨਫ਼ਰਤ ਹੈ ਪਰ ਪਰਿਵਾਰ ਭਲਾਈ ਲਈ ਉਹ ਕੁਝ ਵੀ ਕਰ ਸਕਦੇ ਹਨ। ਰਾਜਨੀਤੀ ਇਕ ਪਰਿਵਾਰਕ ਵਪਾਰ ਬਣ ਰਿਹਾ ਹੈ। ਬਹੁਤੇ ਆਗੂ ਆਪਣੀ ਗੱਦੀ ਦਾ ਵਾਰਸ ਆਪਣੇ ਹੀ ਬੱਚਿਆਂ ਨੂੰ ਬਣਾਉਂਦੇ ਹਨ। ਇੰਜ ਇਕ ਨਵੀਂ ਕਿਸਮ ਦੀਆਂ ਰਿਆਸਤਾਂ ਹੋਂਦ ਵਿਚ ਆ ਗਈਆਂ ਹਨ। ਬੁੱਧੀਜੀਵੀ, ਧਾਰਮਿਕ ਆਗੂ, ਸਮਾਜਿਕ ਜੱਥੇਬੰਦੀਆਂ ਨੂੰ ਇਹ ਵਿਕਾਊ ਮਾਲ ਸਮਝਦੇ ਹਨ ਅਤੇ ਲੋੜ ਪੈਣ ਤੇ ਉਨ੍ਹਾਂ ਦੀ ਆਪਣੇ ਮੁਫਾਦ ਲਈ ਵਰਤੋਂ ਕਰਦੇ ਹਨ। ਉਨ੍ਹਾਂ ਨਾਲ ਵਿਚਾਰ ਵਟਾਂਦਰੇ ਨੂੰ ਉਤਸ਼ਾਹਿਤ ਨਹੀਂ ਕੀਤਾ ਜਾਂਦਾ, ਇਸੇ ਲਈ ਸੂਬੇ ਦੇ ਵਿਕਾਸ ਲਈ ਕੋਈ ਟਿਕਾਊ ਅਤੇ ਸਰਬਪੱਖੀ ਨੀਤੀ ਨਹੀਂ ਬਣ ਸਕੀ।

70ਵਿਆਂ ਵਿਚ ਆਏ ਹਰੇ ਇਨਕਲਾਬ ਤੇ ਪ੍ਰਦੇਸੀ ਗਏ ਪੁੱਤਰਾਂ ਦੇ ਪੈਸੇ ਨਾਲ ਲੋਕਾਂ ਦੀ ਆਰਥਿਕ ਹਾਲਤ ਵਿਚ ਸੁਧਾਰ ਹੋਇਆ। ਬਦਲੇ ਆਰਥਿਕ, ਧਾਰਮਿਕ ਤੇ ਰਾਜਨੀਤਕ ਮਾਹੌਲ ਨੇ ਪਿੰਡਾਂ ਦੇ ਅਤੇ ਆਮ ਲੋਕਾਂ ਵਿਚ ਆਧੁਨਿਕ ਜੀਵਨ ਜੀਉਣ ਦੀ ਤਮੰਨਾ ਜਗਾਈ। ਇਸ ਸੋਚ ਨੂੰ ਮੀਡੀਏ ਨੇ ਹੋਰ ਵੀ ਪਰਪੱਕ ਕੀਤਾ। ਅੱਖ ਦੀ ਸ਼ਰਮ ਖਤਮ ਹੋ ਰਹੀ ਹੈ ਅਤੇ ਆਪਸੀ ਰਿਸ਼ਤੇ ਤਿੜਕ ਰਹੇ ਹਨ। ਮਾਰਕੀਟ ਕਲਚਰ ਵਿਕਸਤ ਹੋਣ ਨਾਲ ਭਾਈਚਾਰੇ ਦਾ ਸੰਕਲਪ ਖਤਮ ਹੋ ਗਿਆ ਹੈ। ਹਰ ਪਾਸੇ ਪੈਸਾ ਹੀ ਭਾਰੂ ਹੋ ਰਿਹਾ ਹੈ। ਜਦੋਂ ਸਮਾਜਿਕ ਕਦਰਾਂ-ਕੀਮਤਾਂ ਟੁੱਟਦੀਆਂ ਹਨ ਤਾਂ ਉਨ੍ਹਾਂ ਦੀ ਥਾਂ ਅਨੈਤਿਕਤਾ ਲੈ ਲੈਂਦੀ ਹੈ। ਹੁਣ ਤੱਕ ਪੰਜਾਬੀ ਸੱਭਿਆਚਾਰ, ਰਸਮੋ-ਰਿਵਾਜ, ਲੋਕ ਗੀਤ-ਸੰਗੀਤ ਨੂੰ ਸਾਡੇ ਪਿੰਡਾਂ ਨੇ ਸੰਭਾਲ ਕੇ ਰੱਖਿਆ ਸੀ। ਪੰਜਾਬ ਵਿਚ ਪੇਂਡੂ ਅਤੇ ਸ਼ਹਿਰੀ ਫਰਕ ਬੜੀ ਤੇਜ਼ੀ ਨਾਲ ਘਟ ਰਿਹਾ ਹੈ।

ਇਸ ਦਾ ਅਸਰ ਪੇਂਡੂ ਜਨਜੀਵਣ 'ਤੇ ਵੀ ਪਿਆ ਹੈ। ਪੇਂਡੂ ਲੋਕਾਂ ਨੇ ਸ਼ਹਿਰੀ ਜੀਵਨ ਸ਼ੈਲੀ ਦੀ ਨਕਲ ਕਰਨੀ ਸ਼ੁਰੂ ਕਰ ਦਿੱਤੀ ਹੈ। ਇਸੇ ਕਰਕੇ ਸ਼ਹਿਰਾਂ ਵਾਂਗ ਪਿੰਡਾਂ ਵਿਚ ਵੀ ਰਸਮੋ-ਰਿਵਾਜ ਵਿਚ ਸੰਜੀਦਗੀ ਖਤਮ ਹੋ ਰਹੀ ਹੈ ਅਤੇ ਵਿਖਾਵਾ ਵੱਧ ਰਿਹਾ ਹੈ। ਖੁਸ਼ੀ ਦੇ ਸਮਾਗਮ ਤਾਂ ਦੂਰ ਹਰੇਕ ਗਮੀ ਦੇ ਸਮਾਗਮਾਂ ਵਿਚ ਵੀ ਵਿਤੋਂ ਵੱਧ ਖਰਚ ਕੀਤਾ ਜਾਂਦਾ ਹੈ। **ਜੀਵਨ ਵਿਚ ਰਿਸ਼ਤਿਆਂ ਦੇ ਨਿੱਘ ਦੀ ਘਾਟ ਮਹਿਸੂਸ ਹੋ ਰਹੀ ਹੈ।** ਇਥੋਂ ਤਕ ਕਿ ਜੀਵਨ ਸ਼ੈਲੀ ਵੀ ਬਦਲ ਗਈ ਹੈ। ਹੁਣ ਕੁੱਕੜ ਦੀ ਬਾਂਗ ਸੁਣ ਅੰਮ੍ਰਿਤ ਵੇਲੇ ਜਾਗਣ ਵਾਲਿਆਂ ਦੀ ਗਿਣਤੀ ਘਟ ਗਈ ਹੈ। ਤੜਕੇ ਉਠ ਕੰਮ ਕਾਜ ਵਿਚ ਬਹੁਤ ਘੱਟ ਲੋਕ ਜੁਟਦੇ ਹਨ। ਦੁੱਧ ਦਾ ਗਿਲਾਸ ਪੀ ਰਾਤ ਛੇਤੀ ਸੌਂ ਜਾਣ ਦਾ ਰਿਵਾਜ ਘਟ ਰਿਹਾ ਹੈ। ਨਵੀਂ ਆਈ ਤਬਦੀਲੀ ਦਾ ਸਭ ਤੋਂ ਵੱਧ ਪ੍ਰਭਾਵ ਪੰਜਾਬੀ ਗੀਤ-ਸੰਗੀਤ, ਨਾਚ ਅਤੇ ਖੇਡਾਂ 'ਤੇ ਪਿਆ ਹੈ। ਪੰਜਾਬੀ ਸੰਗੀਤ ਵਿਚ ਦਰਦ ਧੂ ਪਾਣ ਵਾਲੀ ਲੈਅ ਅਤੇ ਰੂਹ ਨੂੰ ਟੁੰਬਣ ਵਾਲੇ ਬੋਲ ਗੁੰਮ ਹੋ ਗਏ ਹਨ। ਹੁਣ ਪੰਜਾਬੀ ਗੀਤ ਬੇਅਰਥ ਅਤੇ ਸੰਗੀਤ ਰੌਲੇ-ਰੱਪੇ ਵਾਲਾ ਹੋ ਗਿਆ ਹੈ। ਸਾਜਾਂ ਦੇ ਬੇਤਾਲ ਸ਼ੋਰ

ਵਿਚ ਪੁੱਠੇ-ਸਿੱਧੇ ਹੱਥ ਪੈਰ ਮਾਰ ਕੇ ਗਾਏ ਜਾ ਰਹੇ ਗੀਤਾਂ ਵਿਚ ਬੋਲ ਅਤੇ ਸੰਜੀਦਗੀ ਗੁੰਮ ਹੋ ਗਏ ਹਨ। ਸਾਡੇ ਗੀਤਾਂ ਵਿਚ ਲਚਰਤਾ ਵਧ ਰਹੀ ਹੈ। ਗਾਇਕ ਜਦੋਂ ਵੀਡੀਓ ਬਣਾਉਂਦੇ ਹਨ ਤਾਂ ਉਸ ਵਿਚ ਅੱਧ ਨੰਗੀਆਂ ਕੁੜੀਆਂ ਕਿਸੇ ਜੰਗਲ ਜਾਂ ਸਮੁੰਦਰ ਕੰਡੇ ਪੁੱਠੀਆਂ ਸਿੱਧੀਆਂ ਹਰਕਤਾਂ ਕਰਦੀਆਂ ਹਨ।

ਇਹ ਸ਼ਾਇਦ ਅਟਪਟਾ ਲੱਗੇ ਪਰ ਹੈ ਸੱਚ ਕਿ ਪੰਜਾਬੀਆਂ ਦੇ ਖਾਣ ਵਿਚੋਂ ਵੀ ਸੰਜੀਦਗੀ ਖ਼ਤਮ ਹੋ ਰਹੀ ਹੈ। ਸ਼ਰਾਬ ਦੀ ਵਰਤੋਂ ਹੁਣ ਘਰ ਵਿਚ ਬੈਠ ਕੇ ਖੁੱਲ੍ਹ ਕੇ ਹੁੰਦੀ ਹੈ। ਗਲਾਸ ਉਦੋਂ ਤੱਕ ਭਰੇ ਜਾਂਦੇ ਹਨ ਜਦੋਂ ਤਕ ਲੱਤਾਂ ਡੋਲਣ ਅਤੇ ਬੋਲ ਵਿਗੜਨ ਨਾ ਲੱਗ ਪੈਣ। ਪਾਰਟੀਆਂ ਵਿਚ ਖਾਣਾ ਵੀ ਕੇਵਲ ਖਾਣ ਲਈ ਹੀ ਖਾਧਾ ਜਾਂਦਾ ਹੈ। ਅਨੰਦ ਜਾਂ ਤ੍ਰਿਪਤੀ ਲਈ ਖਾਣ ਵਾਲਾ ਸਲੀਕਾ ਖਤਮ ਹੋ ਹੀ ਗਿਆ ਹੈ। ਸੰਗਤ ਅਤੇ ਪੰਗਤ ਦਾ ਸਬਕ ਸੰਸਾਰ ਨੂੰ ਦੇਣ ਵਾਲੇ ਪੰਜਾਬੀ ਆਪ ਹੀ ਇਸ ਨੂੰ ਭੁੱਲ ਰਹੇ ਹਨ। ਪੰਗਤ ਵਿਚ ਬੈਠਣਾ ਜਾਂ ਖੜ੍ਹੇ ਹੋਣਾ ਅਸੀਂ ਆਪਣੀ ਸ਼ਾਨ ਦੇ ਵਿਰੁੱਧ ਸਮਝਦੇ ਹਾਂ। ਕਾਇਦੇ ਕਾਨੂੰਨ ਦੀ ਪਾਲਣਾ ਕਰਨਾ ਕਮਜ਼ੋਰੀ ਦੀ ਨਿਸ਼ਾਨੀ ਸਮਝਿਆ ਜਾਣ ਲੱਗ ਪਿਆ ਹੈ। ਕਾਨੂੰਨ ਤੋੜਨ ਵਿਚ ਅਸੀਂ ਆਪਣੀ ਸ਼ਾਨ ਸਮਝਦੇ ਹਾਂ। ਰਿਸ਼ਤਿਆਂ ਦਾ ਨਿੱਘ ਅਤੇ ਸਤਿਕਾਰ ਘਟ ਰਿਹਾ ਹੈ ਅਤੇ ਨਿੱਜਤਵ ਹਰ ਥਾਂ ਭਾਰੂ ਹੋ ਰਿਹਾ ਹੈ। **ਜੀਵਨ ਵਿਚੋਂ ਸੰਤੋਖ ਮੁੱਕ ਹੀ ਗਿਆ ਹੈ।** ਕੁਝ ਦਹਾਕੇ ਪਹਿਲਾਂ ਜਿਹੜਾ ਪੰਜਾਬ ਸਿਖਰ ਉਤੇ ਸੀ, ਹੁਣ ਹੇਠਾਂ ਵਲ ਰਿੜ੍ਹ ਰਿਹਾ ਹੈ।

ਪੰਜਾਬੀਆਂ ਦੀ ਮਿਹਨਤ ਅਤੇ ਹਿੰਮਤ ਦੀ ਮਿਸਾਲ ਦਿੱਤੀ ਜਾਂਦੀ ਸੀ, ਉਹ ਹੁਣ ਗਾਇਬ ਹੋ ਗਈ ਹੈ। ਹੱਥੀਂ ਕੰਮ ਕਰਨਾ, ਇਮਾਨਦਾਰੀ, ਜੀਵਨ ਸਲੀਕਾ ਹੁਣ ਬੀਤੇ ਸਮੇਂ ਦੀਆਂ ਗੱਲਾਂ ਸਮਝੀਆਂ ਜਾ ਰਹੀਆਂ ਹਨ। **ਇਸ ਤਬਦੀਲੀ ਬਾਰੇ ਗੰਭੀਰ ਚਿੰਤਨ ਦੀ ਲੋੜ ਹੈ। ਜੀਵਨ ਵਿਚ ਸੰਜੀਦਗੀ ਦੀ ਵਾਪਸੀ ਬਹੁਤ ਜਰੂਰੀ ਹੈ।** ਇਸ ਵਾਸਤੇ ਇਕ ਜਾਗਰੁਕਤਾ ਲਹਿਰ ਦੀ ਲੋੜ ਹੈ ਜਿਸ ਦੀ ਅਗਵਾਈ ਸਾਡੇ ਵਿਦਵਾਨਾਂ ਅਤੇ ਇਮਾਨਦਾਰ ਆਗੂਆਂ ਨੂੰ ਕਰਨੀ ਚਾਹੀਦੀ ਹੈ। ਅਸਲ ਵਿਚ ਪੰਜਾਬ ਦਾ ਦਰਦ ਸਮਝਣ ਵਾਲੇ ਸਾਰੇ ਵਿਅਕਤੀਆਂ ਨੂੰ ਅੱਗੇ ਆ ਕੇ ਇਸ ਜ਼ਿੰਮੇਵਾਰੀ ਨੂੰ ਸਮਝਣਾ ਚਾਹੀਦਾ ਹੈ। ਇਸ ਵਿਚ ਹੋਰ ਦੇਰੀ ਪੰਜਾਬ ਅਤੇ ਪੰਜਾਬੀਆਂ ਲਈ ਘਾਤਕ ਸਿੱਧ ਹੋ ਸਕਦੀ ਹੈ।

ਸ਼ਗਨਾਂ ਦੇ ਗੀਤ

**ਕਿਰਾਏ ਦੇ ਗਾਇਕ, ਨਚਾਰ ਜਾਂ ਪਰਿਵਾਰ ਦਾ ਟੇਲੈਂਟ?**

ਬਾਹਰੋਂ singer ਬੁਲਾਉਣ ਦਾ ਮਤਲੱਬ ਹੈ ਤੁਹਾਡੇ ਖਾਨਦਾਨ ਵਿਚ ਕੋਈ ਵੀ ਟੇਲੈਂਟ (ਗੁਣ) ਨਹੀਂ ਹੈ ਜਾਂ ਤੁਹਾਡਾ ਭਾਈਚਾਰਾ, ਮਿਲਵਰਤਨ ਐਨਾ ਘੱਟ ਹੈ ਕਿ ਉਹ ਆਪਣੀ ਪੇਸ਼ਕਾਰੀ ਨਹੀਂ ਕਰ ਰਹੇ।

# ਸੱਚੀ ਖ਼ੁਸ਼ੀ ਨਹੀਂ ਮਿਲ ਸਕਦੀ ਖਪਤਕਾਰੀ ਵਸਤੂਆਂ ਤੋਂ

**– ਡਾ. ਸਵਰਾਜ ਸਿੰਘ**

ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਅਧਿਆਤਮਿਕਤਾ ਦੇ ਮੁੱਢਲੇ ਸੰਕਲਪ ਭਾਰਤ ਵਿਚ ਵਿਕਸਤ ਹੋਏ ਅਤੇ ਪੰਜਾਬ ਦੇ ਖਿੱਤੇ ਵਿਚ ਸਿਖ਼ਰਾਂ ਤੇ ਪਹੁੰਚੇ। ਵੇਦਾਂ ਦੀ ਰਚਨਾ ਪੰਜਾਬ ਵਿਚ ਹੋਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜਿਨ੍ਹਾਂ ਨੂੰ ਮੈਂ ਅਧਿਆਤਮਿਕਤਾ ਦੀ ਸਿਖ਼ਰ ਸਮਝਦਾ ਹਾਂ, ਦੀ ਸੰਪਾਦਨਾ ਵੀ ਪੰਜਾਬ ਵਿਚ ਹੀ ਹੋਈ। **ਪ੍ਰੰਤੂ ਹੁਣ ਇਹ ਅਧਿਆਤਮਿਕਤਾ ਦੀ ਜਨਮ ਭੂਮੀ ਖਪਤਕਾਰੀ ਦਾ ਗੜ੍ਹ ਬਣ ਰਹੀ ਹੈ।**

ਮੈਂ 40 ਸਾਲ ਅਮਰੀਕਾ ਵਿਚ ਰਿਹਾ ਹਾਂ ਅਤੇ ਮੈਨੂੰ ਬਹੁਤ ਸਾਰੇ ਹੋਰ ਦੇਸ਼ਾਂ ਵਿਚ ਵੀ ਜਾਣ ਦਾ ਮੌਕਾ ਮਿਲਿਆ। ਅਮਰੀਕਾ ਵਿਚ ਮੈਂ ਮਨੁੱਖੀ ਅਧਿਕਾਰਾਂ ਦੇ ਖੇਤਰ ਵਿਚ ਸਰਗਰਮ ਰਿਹਾ, ਜਿਸ ਦੀ ਮੁੱਖ ਭੂਮਿਕਾ ਵਿਭਿੰਨਤਾ ਨੂੰ ਮਨੁੱਖੀ ਅਧਿਕਾਰਾਂ ਨਾਲ ਜੋੜ ਕੇ ਦੇਖਣ ਦੀ ਰਹੀ। ਇਸ ਲਹਿਰ ਦਾ ਮੰਤਵ ਅਮਰੀਕਾ ਦੀ ਬਹੁਕੌਮੀ ਅਤੇ ਬਹੁਸੱਭਿਆਚਾਰੀ ਸਚਾਈ ਨੂੰ ਸਵੀਕਾਰ ਕਰਵਾਉਣਾ ਮਨੁੱਖੀ ਅਧਿਕਾਰਾਂ ਦਾ ਇਕ ਅਹਿਮ ਮਸਲਾ ਹੈ। ਇਸ ਲਹਿਰ ਨਾਲ ਸਬੰਧਤ ਹੋਣ ਕਾਰਨ ਮੈਨੂੰ ਅਮਰੀਕਾ ਵਿਚ ਵਸ ਕੇ ਲਗਪਗ ਸਾਰੇ ਭਾਈਚਾਰਿਆਂ ਨਾਲ ਮਿਲਣ-ਜੁਲਣ ਦਾ ਮੌਕਾ ਮਿਲਿਆ। ਮੇਰਾ ਇਹ ਪ੍ਰਭਾਵ ਬਣਿਆ ਕਿ ਬਾਕੀ ਭਾਈਚਾਰਿਆਂ ਦੀ ਤੁਲਨਾ ਵਿਚ ਭਾਰਤੀ ਮੂਲ ਦੇ ਲੋਕ ਖਪਤਕਾਰੀ ਸੱਭਿਆਚਾਰ ਦੇ ਬਹੁਤ ਹੀ ਸਮਰਪਿਤ ਅਤੇ ਜੋਸ਼ੀਲੇ ਪੈਰੋਕਾਰ ਹਨ। ਇਨ੍ਹਾਂ ਵਿਚੋਂ ਵੀ ਪੰਜਾਬੀ ਸਭ ਤੋਂ ਮੂਹਰਲੀਆਂ ਕਤਾਰਾਂ ਵਿਚ ਖੜ੍ਹੇ ਨਜ਼ਰ ਆਉਂਦੇ ਹਨ।

ਜਦੋਂ ਮੈਂ ਭਾਰਤ ਆ ਕੇ ਦੇਖਿਆ ਤਾਂ ਇਥੇ ਵੀ ਮੇਰੇ ‘ਤੇ ਇਹ ਪ੍ਰਭਾਵ ਹੀ ਪਿਆ ਕਿ **ਐਸ਼ੋ ਆਰਾਮ ਦੀਆਂ ਵਸਤੂਆਂ ਇਕੱਠੀਆਂ ਕਰਨ ਵਿਚ ਪੰਜਾਬੀ ਬਾਕੀ ਭਾਰਤੀਆਂ ਨੂੰ ਪਿੱਛੇ ਛੱਡ ਗਏ ਹਨ।** ਜੇ ਤੁਹਾਨੂੰ ਵੱਖ-ਵੱਖ ਭਾਈਚਾਰਿਆਂ ਦੀ ਗ਼ੈਰ-ਰਸਮੀ ਗੱਲਬਾਤ ਸੁਣਨ ਦਾ ਮੌਕਾ ਮਿਲੇ ਤਾਂ ਤੁਹਾਨੂੰ ਹੈਰਾਨੀ ਹੋਵੇਗੀ ਕਿ ਭਾਰਤੀ ਮੂਲ ਦੇ ਲੋਕ ਆਪਣੇ ਇਕੱਠਾਂ ਵਿਚ ਆਪਣੀ ਸਰਸਰੀ ਗੱਲਬਾਤ ਵਿਚ ਜਿੰਨਾ ਪੈਸੇ ਅਤੇ ਐਸ਼ੋ ਆਰਾਮ ਦੀਆਂ ਵਸਤੂਆਂ ‘ਤੇ ਕੇਂਦਰਿਤ ਰਹਿੰਦੇ ਹਨ, ਓਨਾ ਤੁਹਾਨੂੰ ਹੋਰ ਕਿਸੇ ਭਾਈਚਾਰੇ ਵਿਚ ਦੇਖਣ ਨੂੰ ਨਹੀਂ ਮਿਲੇਗਾ। ਮਹਿੰਗੇ ਘਰ, ਮਹਿੰਗੀਆਂ ਕਾਰਾਂ, ਖਰਚੀਲੀਆਂ ਛੁੱਟੀਆਂ ਅਤੇ ਮਹਿੰਗੇ ਸਮੁੰਦਰੀ ਜਹਾਜ਼ਾਂ ਦੇ ਫੇਰੇ, ਬਹੁਤ ਵਾਰੀ ਸਾਡੀ ਗੱਲਬਾਤ ਵਿਚ ਮੁੱਖ ਸਥਾਨ ਹਾਸਲ ਕਰਦੇ ਹਨ। ਆਪਣੇ ਬੱਚਿਆਂ ਨੂੰ ਮਹਿੰਗੇ ਸਕੂਲਾਂ ਅਤੇ ਕਾਲਜਾਂ ਵਿਚ ਪੜ੍ਹਾਉਣ ਬਾਰੇ ਵੀ ਅਕਸਰ ਸੁਣਿਆ ਜਾ ਸਕਦਾ ਹੈ। ਬਹੁਤ ਵਾਰੀ ਤੁਸੀਂ ਸੁਣੋਗੇ ਕਿ ਕਿਵੇਂ ਮਾਪਿਆਂ ਨੇ ਆਪਣੇ ਬੱਚਿਆਂ ਨੂੰ ਪੈਸੇ ਖਰਚ ਕੇ ਡਾਕਟਰ

ਬਣਾਇਆ। ਕਈ ਵਾਰੀ ਮੈਂ ਇਹ ਸੋਚਦਾ ਹਾਂ ਕਿ ਜੇ ਕੱਲ੍ਹ ਨੂੰ ਡਾਕਟਰੀ ਪੇਸ਼ੇ ਵਿਚ ਕਮਾਈ ਘਟ ਗਈ ਤਾਂ ਕੀ ਇਨ੍ਹਾਂ ਮਾਪਿਆਂ ਦਾ ਬੱਚਿਆਂ ਨੂੰ ਡਾਕਟਰ ਬਨਾਉਣ ਦਾ ਉਤਸ਼ਾਹ ਕਾਇਮ ਰਹੇਗਾ?

ਪਿੱਛੇ ਜਿਹੇ ਮੇਰੇ ਲੜਕੇ ਨੂੰ ਬਹੁਤ ਥੋੜ੍ਹਾ ਸਮਾਂ ਪਹਿਲਾਂ ਨਾਈਜੀਰੀਆ ਤੋਂ ਅਮਰੀਕਾ ਆਏ ਇਕ ਨੌਜਵਾਨ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ। ਉਸ ਨੇ ਮੇਰੇ ਲੜਕੇ ਤੋਂ ਪੁੱਛਿਆ ਕਿ ਕਿਉਂ ਆਪਣੀ ਗੱਲਬਾਤ ਵਿਚ ਭਾਰਤੀ ਮੂਲ ਦੇ ਲੋਕ ਜ਼ਿਆਦਾਤਰ ਆਪਣੇ ਪੈਸੇ ਦੀ ਗੱਲ ਕਰਦੇ ਹਨ ਜਾਂ ਫਿਰ ਉਹ ਹਰ ਵੇਲੇ ਆਪਣੇ ਪੈਸੇ ਦਾ ਦਿਖਾਵਾ ਕਰਨ ਵਿਚ ਹੀ ਕਿਉਂ ਲੱਗੇ ਰਹਿੰਦੇ ਹਨ? ਕੁਝ ਸਮਾਂ ਪਹਿਲਾਂ ਵੈਨਕੂਵਰ ਬੀ. ਸੀ. ਵਿਚ ਮੈਨੂੰ ਇਕ ਬੰਗਾਲੀ ਨੌਜਵਾਨ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ। ਮੈਨੂੰ ਇਹ ਨੌਜਵਾਨ ਬਹੁਤ ਹੀ ਸੁਲਝਿਆ ਹੋਇਆ ਅਤੇ ਸਮਝਦਾਰ ਲੱਗਿਆ। ਉਸ ਨੇ ਦੱਸਿਆ ਕਿ ਉਸ ਦਾ ਪਰਿਵਾਰ ਉਸ ਨੂੰ ਪਰਿਵਾਰ ਦੀ ਬਲੈਕ ਸ਼ੀਪ (ਕਾਲੀ ਭੇਡ) ਸਮਝਦਾ ਹੈ। ਇਸ ਦਾ ਅਰਥ ਇਹ ਹੁੰਦਾ ਹੈ ਕਿ ਤੁਸੀਂ ਕੋਈ ਅਜਿਹਾ ਕੰਮ ਕੀਤਾ ਹੈ, ਜਿਸ ਨਾਲ ਪਰਿਵਾਰ ਦਾ ਵਕਾਰ ਘਟਿਆ ਹੈ। ਉਸ ਨੇ ਦੱਸਿਆ ਕਿ ਮੇਰਾ ਪਰਿਵਾਰ ਚਾਹੁੰਦਾ ਸੀ ਕਿ ਮੈਂ ਡਾਕਟਰ ਬਣਾਂ ਪ੍ਰੰਤੂ ਮੈਂ ਕਿਹਾ ਕਿ ਮੇਰੀ ਰੁਚੀ ਤਾਂ ਫ਼ਿਲਮਾਂ ਬਨਾਉਣ ਵਿਚ ਹੈ। ਮੈਂ ਸੋਚਿਆ ਕਿ ਜੇ ਕਿਤੇ ਫ਼ਿਲਮਾਂ ਦੇ ਮਸ਼ਹੂਰ ਡਾਇਰੈਕਟਰ ਸਤਿਆਜੀਤ ਰੇਅ ਅਤੇ ਸ਼ਿਆਮ ਬੈਨੇਗਲ ਆਪਣੇ ਪਰਿਵਾਰਾਂ ਦੀ ਅਜਿਹੀ ਸਲਾਹ ਮੰਨ ਕੇ ਫ਼ਿਲਮਾਂ ਨਾ ਬਣਾਉਂਦੇ ਤਾਂ ਸੰਸਾਰ ਏਨੀਆਂ ਵਧੀਆ ਫ਼ਿਲਮਾਂ ਤੋਂ ਵਾਂਝਾ ਰਹਿ ਜਾਂਦਾ, ਭਾਵੇਂ ਕਿ ਅਜਿਹੀ ਇਕ ਲਕੀਰੀ ਸੋਚ ਨੇ ਅਮਰੀਕਾ ਵਿਚ ਸਾਡੇ ਭਾਈਚਾਰੇ ਨੂੰ ਸਭ ਤੋਂ ਵੱਧ ਪ੍ਰਤੀ ਜੀਅ ਆਮਦਨੀ ਅਤੇ ਸਭ ਤੋਂ ਵੱਧ ਘਰਾਂ ਦੇ ਮਾਲਕ ਬਣਨ ਵਿਚ ਸਹਾਇਤਾ ਕੀਤੀ ਹੈ ਪ੍ਰੰਤੂ ਇਸ ਲਈ ਸਾਨੂੰ ਆਪਣੀ ਸਿਹਤ, ਸੱਭਿਆਚਾਰ ਅਤੇ ਕਦਰਾਂ-ਕੀਮਤਾਂ ਗਵਾਉਣ ਦੇ ਰੂਪ ਵਿਚ ਬਹੁਤ ਵੱਡੀ ਕੀਮਤ ਚੁਕਾਉਣੀ ਪਈ ਹੈ। **ਸਾਨੂੰ ਬਾਕੀ ਭਾਈਚਾਰਿਆਂ ਦੀ ਤੁਲਨਾ ਵਿਚ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਆਦਿ ਵਿਚ ਲੋਕਾਂ ਨੂੰ ਬਹੁਤ ਜ਼ਿਆਦਾ ਦਿਲ ਦੇ ਦੌਰੇ ਪੈਂਦੇ ਅਤੇ ਲਕਵਾ ਆਦਿ ਦੇ ਰੋਗ ਵੀ ਹੁੰਦੇ ਹਨ।**

ਅੱਜਕਲ੍ਹ ਅਮਰੀਕਾ ਵਿਚ ਇਕ ਵੱਡੇ ਪੱਧਰ ਦਾ ਸਰਵੇਖਣ ਹੋ ਰਿਹਾ ਹੈ, ਜਿਸ ਨੂੰ ਮਸਾਲਾ (ਐਮ.ਏ.ਐਸ.ਐਲ.ਏ.) ਸਰਵੇਖਣ ਕਿਹਾ ਜਾਂਦਾ ਹੈ। ਇਸ ਦਾ ਅਰਥ ਹੈ ਕਿ ਅਮਰੀਕਾ ਵਿਚ ਰਹਿਣ ਵਾਲੇ ਦੱਖਣੀ ਏਸ਼ੀਆਈ ਮੂਲ ਦੇ ਲੋਕਾਂ ਵਿਚ ਖੂਨ ਦੀਆਂ ਨਾੜੀਆਂ ਵਿਚ ਚਿਕਨਾਈ ਜੰਮਣ ਦੀ ਬਿਮਾਰੀ ਦੇ ਸੰਕੇਤ ਕੀ ਹਨ? ਹਾਲੇ ਤੱਕ ਉਹ ਕਿਸੇ ਨਤੀਜੇ ਤੇ ਨਹੀਂ ਪਹੁੰਚੇ ਕਿ ਕਿਉਂ ਭਾਰਤੀ ਮੂਲ ਦੇ ਲੋਕਾਂ ਵਿਚ ਇਹ ਬਿਮਾਰੀਆਂ ਜ਼ਿਆਦਾ ਹੁੰਦੀਆਂ ਹਨ ਬਾਵਜੂਦ ਇਸ ਦੇ ਕਿ ਉਹ ਦੂਜੇ ਭਾਈਚਾਰਿਆਂ

ਦੀ ਤੁਲਨਾ ਵਿਚ ਮੋਟੇ ਵੀ ਨਹੀਂ ਹਨ, ਮਾਸ ਵੀ ਘੱਟ ਖਾਂਦੇ ਹਨ ਅਤੇ ਸਿਗਰਟਾਂ ਵੀ ਘੱਟ ਪੀਂਦੇ ਹਨ। ਮੈਨੂੰ ਲਗਦਾ ਹੈ ਕਿ ਸਾਡੀ ਖਪਤਕਾਰੀ ਵਸਤੂਆਂ ਇਕੱਠੇ ਕਰਨ ਦੀ ਰੁਚੀ ਇਸ ਸਥਿਤੀ ਵਿਚ ਵੱਡੀ ਭੂਮਿਕਾ ਨਿਭਾਉਂਦੀ ਹੈ। ਮੈਨੂੰ ਲਗਦਾ ਹੈ ਕਿ ਜੇ ਅਸੀਂ ਇਕ ਖਪਤਕਾਰੀ ਸੂਚਕ ਬਣਾ ਲਈਏ, ਜਿਹੜਾ ਕਿ ਇਸ ਗੱਲ ਦਾ ਸੂਚਕ ਹੋਵੇ ਕਿ ਕਿਸੇ ਭਾਈਚਾਰੇ ਦਾ ਖਪਤਕਾਰੀ ਵੱਲ ਕਿੰਨਾ ਰੁਝਾਨ ਹੈ ਅਤੇ ਇਸ ਨੂੰ ਦਿਲ ਦੀਆਂ ਬਿਮਾਰੀਆਂ ਹਾਈ ਬਲੱਡ ਪ੍ਰੈਸ਼ਰ, ਡਾਇਬਟੀਜ਼ ਅਤੇ ਡਿਪ੍ਰੈਸ਼ਨ ਨਾਲ ਮੇਲ ਕੇ ਦੇਖੀਏ ਤਾਂ ਜ਼ਰੂਰ ਇਨ੍ਹਾਂ ਦਾ ਆਪਸੀ ਰਿਸ਼ਤਾ ਸਥਾਪਤ ਹੋ ਜਾਏਗਾ। ਜਿਸ ਤਰ੍ਹਾਂ ਉੱਤਰੀ ਅਮਰੀਕਾ ਅਤੇ ਯੂਰਪ ਵਿਚ ਭਾਰਤੀ ਮੂਲ ਦੇ ਲੋਕਾਂ ਵਿਚ ਇਹ ਬਿਮਾਰੀਆਂ ਦੂਜੇ ਭਾਈਚਾਰਿਆਂ ਦੀ ਤੁਲਨਾ ਵਿਚ ਬਹੁਤ ਜ਼ਿਆਦਾ ਹਨ, ਉਸੇ ਤਰ੍ਹਾਂ ਭਾਰਤ ਵਿਚ ਵੀ ਮੱਧ ਵਰਗ ਇਨ੍ਹਾਂ ਬਿਮਾਰੀਆਂ ਨਾਲ ਬੁਰੀ ਤਰ੍ਹਾਂ ਪੀੜਤ ਹੈ।

ਭਾਰਤ ਵਿਚ ਵੀ ਸੰਸਾਰ ਨਾਲੋਂ ਸਭ ਤੋਂ ਵੱਧ ਇਨ੍ਹਾਂ ਬਿਮਾਰੀਆਂ ਦੇ ਮਰੀਜ਼ ਹਨ। ਹੁਣੇ-ਹੁਣੇ ਉਦਾਸੀ ਬਾਰੇ ਜੋ ਅੰਕੜੇ ਜਾਰੀ ਕੀਤੇ ਗਏ ਹਨ, ਉਨ੍ਹਾਂ ਅਨੁਸਾਰ ਭਾਰਤ ਵਿਚ ਮਾਨਸਿਕ ਰੋਗ ਵੀ ਬਹੁਤ ਤੇਜ਼ੀ ਨਾਲ ਵੱਧ ਰਿਹਾ ਹੈ। ਬਾਕੀ ਬਿਮਾਰੀਆਂ ਦੀ ਤਰ੍ਹਾਂ ਪੰਜਾਬੀ ਇਸ ਰੋਗ ਵਿਚ ਵੀ ਪਹਿਲੇ ਸਥਾਨ ‘ਤੇ ਹਨ। 13 ਫ਼ੀਸਦੀ ਪੰਜਾਬ ਦੀ ਵਸੋਂ ਇਸ ਰੋਗ ਤੋਂ ਪੀੜਤ ਦੱਸੀ ਗਈ ਹੈ। ਪ੍ਰੰਤੂ ਮੈਨੂੰ ਲਗਦਾ ਹੈ ਕਿ ਇਹ ਬਹੁਤ ਹੀ ਘੱਟ ਦੱਸੀ ਗਈ ਹੈ। ਇਸ ਦਾ ਇਕ ਕਾਰਨ ਇਹ ਹੋ ਸਕਦਾ ਹੈ ਕਿ ਪੰਜਾਬ ਵਿਚ ਮਾਨਸਿਕ ਬਿਮਾਰੀਆਂ ਦੇ ਮਾਹਰ ਡਾਕਟਰਾਂ ਦੀ ਬਹੁਤ ਘਾਟ ਹੈ। 2,50,000 ਵਸੋਂ ਪਿੱਛੇ ਪੰਜਾਬ ਵਿਚ ਇਕ ਅਜਿਹਾ ਡਾਕਟਰ ਹੈ। ਜ਼ਾਹਰ ਹੈ ਕਿ ਬਹੁਤ ਸਾਰੇ ਕੇਸਾਂ ਵਿਚ ਇਹ ਬੀਮਾਰੀ ਪਛਾਣੀ ਹੀ ਨਹੀਂ ਜਾ ਰਹੀ।

ਦੂਜਾ ਕਾਰਨ ਇਹ ਹੋ ਸਕਦਾ ਹੈ ਕਿ ਹਾਲੇ ਵੀ ਬਹੁਤ ਸਾਰੇ ਲੋਕ ਮਾਨਸਿਕ ਰੋਗਾਂ ਨੂੰ ਛੁਪਾਉਣ ਦਾ ਯਤਨ ਕਰਦੇ ਹਨ, ਕਿਉਂਕਿ ਉਨ੍ਹਾਂ ਨੂੰ ਲਗਦਾ ਹੈ ਕਿ ਜੇ ਕੋਈ ਮਾਨਸਿਕ ਰੋਗ ਤੋਂ ਪੀੜਤ ਹੁੰਦਾ ਹੈ ਤਾਂ ਸਮਾਜ ਉਸ ਨਾਲ ਹਮਦਰਦੀ ਕਰਨ ਦੀ ਬਜਾਏ ਘਿਰਣਾ ਕਰਨ ਲੱਗ ਪੈਂਦਾ ਹੈ। ਜ਼ਾਹਰ ਹੈ ਕਿ **ਗੀਤਾਂ ਅਤੇ ਫ਼ਿਲਮਾਂ ਵਿਚ ਰਿਸ਼ਟ-ਪੁਸ਼ਟ ਪੰਜਾਬੀ, ਨੱਚਦੇ ਟੱਪਦੇ ਪੰਜਾਬੀ ਅਤੇ ਭੰਗੜੇ ਪਾਉਂਦੇ ਪੰਜਾਬੀ ਧਰਾਤਲੀ ਸਚਾਈ ਨਾਲ ਮੇਲ ਨਹੀਂ ਖਾਂਦੇ।**

ਕੌੜੀ ਸਚਾਈ ਇਹ ਹੈ ਕਿ ਬਹੁਤ ਸਾਰੇ ਪੰਜਾਬੀ ਕਿਸਾਨ ਕਰਜ਼ੇ ਵਿਚ ਡੁੱਬੇ ਹੋਏ ਹਨ ਅਤੇ ਉਹ ਆਪਣੀ ਜ਼ਮੀਨ ‘ਤੇ ਕਰਜ਼ਾ ਚੁੱਕ ਕੇ ਹੀ ਕਾਰਾਂ ਜਾਂ ਖਪਤ ਦੀਆਂ ਹੋਰ ਵਸਤੂਆਂ ਖ਼ਰੀਦਦੇ ਹਨ ਅਤੇ ਮੈਰਿਜ ਪੈਲਸਾਂ ਵਿਚ ਖਰਚੀਲੇ ਵਿਆਹਾਂ ਦਾ ਖ਼ਰਚ ਕਰਦੇ ਹਨ। ਇਹ ਕਰਜ਼ਾ ਮੋੜਨ ਦਾ ਬਹੁਤ ਵਾਰੀ ਉਨ੍ਹਾਂ ਕੋਲ ਕੋਈ ਸਾਧਨ ਨਹੀਂ ਹੁੰਦਾ ਸਿਵਾਏ ਆਪਣੀ ਜ਼ਮੀਨ ਵੇਚਣ ਤੋਂ। **ਨਤੀਜਾ ਇਹ ਨਿਕਲ ਰਿਹਾ ਹੈ ਕਿ ਪੰਜਾਬ**

**ਦੀ ਕਿਸਾਨੀ ਦੀ ਬਹੁਤ ਵੱਡੀ ਗਿਣਤੀ ਅਮਲੀ ਤੌਰ 'ਤੇ ਬੇਜ਼ਮੀਨੀ ਕਿਸਾਨੀ ਬਣ ਚੁੱਕੀ ਹੈ** ਅਤੇ ਇਸ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਜਿਨ੍ਹਾਂ ਕਿਸਾਨਾਂ ਕੋਲ ਕਰਜ਼ਾ ਮੋੜਨ ਦਾ ਕੋਈ ਵੀ ਸਾਧਨ ਬਾਕੀ ਨਹੀਂ ਬਚਦਾ, ਉਹ ਕਈ ਵਾਰੀ ਖ਼ੁਦਕੁਸ਼ੀ ਦਾ ਰਾਹ ਅਪਣਾ ਲੈਂਦੇ ਹਨ।

ਅੰਤ ਵਿਚ ਮੈਂ ਆਪਣੇ ਲੰਮੇ ਸਮੇਂ ਦੇ ਵਿਦੇਸ਼ਾਂ ਵਿਚ ਰਹਿਣ ਦੇ ਤਜਰਬੇ ਤੋਂ ਭਾਰਤੀ ਮੂਲ ਦੇ ਲੋਕਾਂ ਬਾਰੇ ਇਕ ਹੋਰ ਤੱਥ ਵੀ ਸਾਂਝਾ ਕਰਨਾ ਚਾਹਾਂਗਾ। ਇਹ ਵੀ ਠੀਕ ਹੈ ਕਿ ਉਨ੍ਹਾਂ ਨੇ ਬਹੁਤ ਮਹਿੰਗੇ ਘਰ ਬਣਾ ਲਏ ਹਨ ਅਤੇ ਘਰਾਂ ਦੇ ਸਾਹਮਣੇ ਬਹੁਤ ਹੀ ਮਹਿੰਗੀਆਂ ਕਾਰਾਂ ਵੀ ਖੜ੍ਹੀਆਂ ਕਰ ਲਈਆਂ ਹਨ ਪ੍ਰੰਤੂ ਇਨ੍ਹਾਂ ਮਹਿੰਗੇ ਘਰਾਂ ਅਤੇ ਕਾਰਾਂ ਨੇ ਉਨ੍ਹਾਂ ਨੂੰ ਸੁਰੱਖਿਆ ਦੀ ਭਾਵਨਾ ਨਹੀਂ ਦਿੱਤੀ ਸਗੋਂ ਹੋਰ ਅਸੁਰੱਖਿਅਤ ਬਣਾ ਦਿੱਤਾ ਹੈ। ਮੈਂ ਦੋ ਅਜਿਹੇ ਡਾਕਟਰਾਂ ਦੀ ਉਦਾਹਰਨ ਦੇਵਾਂਗਾ ਜਿਨ੍ਹਾਂ ਨੂੰ ਇਹ ਖ਼ਬਰ ਮਿਲੀ ਕਿ ਉਨ੍ਹਾਂ ਦੀ ਤਨਖਾਹ ਵਿਚ ਕਟੌਤੀ ਕੀਤੀ ਜਾ ਰਹੀ ਹੈ। ਇਹ ਖ਼ਬਰ ਸੁਣ ਕੇ ਇਕ ਨੂੰ ਦਿਲ ਦਾ ਦੌਰਾ ਪੈ ਗਿਆ ਅਤੇ ਉਸ ਦੀ ਮੌਤ ਹੋ ਗਈ ਅਤੇ ਦੂਜੇ ਨੂੰ ਲਕਵਾ (ਸਟਰੋਕ) ਹੋ ਗਿਆ ਅਤੇ ਅਪਾਹਜ ਹੋ ਕੇ ਉਹ ਮੰਜੇ 'ਤੇ ਪੈਣ ਜੋਗਾ ਹੀ ਰਹਿ ਗਿਆ। ਅਜਿਹੀਆਂ ਹੋਰ ਕਈ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ ਜੋ ਇਸ ਤੱਥ ਦੀ ਪੁਸ਼ਟੀ ਕਰਦੀਆਂ ਹਨ ਕਿ **ਖਪਤਕਾਰੀ ਵਸਤੂਆਂ ਦੀ ਬਹੁਤਾਤ ਨਾ ਤਾਂ ਸਾਨੂੰ ਸੁਰੱਖਿਆ ਦਿੰਦੀ ਹੈ ਅਤੇ ਨਾ ਹੀ ਸਿਹਤਮੰਦ ਬਣਾਉਂਦੀ ਹੈ। ਜੀਵਨ ਦੇ ਰੂਹਾਨੀ ਪੱਖ ਨੂੰ ਜਾਗ੍ਰਿਤ ਕਰਨ ਨਾਲ ਹੀ ਮਨੁੱਖ ਸੁਰੱਖਿਅਤ, ਸੰਤੁਸ਼ਟ, ਸੰਤੁਲਿਤ ਅਤੇ ਸੰਪੂਰਨ ਮਹਿਸੂਸ ਕਰ ਸਕਦਾ ਹੈ। ਇਸ ਤਰ੍ਹਾਂ ਹੀ ਸਾਨੂੰ ਸੱਚੀ ਖੁਸ਼ੀ ਮਿਲ ਸਕਦੀ ਹੈ।**

(ਧੰਨਵਾਦ ਸਹਿਤ - ਅਜੀਤ)

## ਮਾਨਸਿਕ ਸਿਹਤ

ਜੇ ਸਾਡੀ ਮਾਨਸਿਕ ਸਿਹਤ ਠੀਕ ਹੈ ਤਾਂ ਲੱਖ ਪਰੇਸ਼ਾਨੀਆਂ ਵੀ ਸਾਡੇ ਤੇ ਹਾਵੀ ਨਹੀਂ ਹੋ ਸਕਦੀਆਂ ਪਰ ਜੇ ਮਾਨਸਿਕ ਸਿਹਤ ਕਮਜ਼ੋਰ ਹੈ ਤਾਂ ਨਿਕੀ ਜਿਹੀ ਪਰੇਸ਼ਾਨੀ ਵੀ ਜਾਨਲੇਵਾ ਬਣ ਸਕਦੀ ਹੈ।

# ਮੈਰਿਜ ਪੈਲੇਸ – ਮਨੁੱਖੀ ਲੋੜ ਜਾਂ ਵਿਖਾਵਾ

**– ਡਾ.ਸੁਖਦੇਵ ਸਿੰਘ**

ਪ੍ਰੋਫੈਸਰ, ਸਮਾਜ ਵਿਗਿਆਨ

ਵਿਆਹ ਦੀ ਰਸਮ ਵੀ ਉਨੀ ਪੁਰਾਣੀ ਹੈ ਜਦੋਂ ਤੋਂ ਮਨੁੱਖ ਨੇ ਕਬੀਲਿਆਂ, ਸੰਗਠਤ ਸਮੂਹਾਂ, ਸਮੁਦਾਵਾਂ ਅਤੇ ਸਮਾਜਾਂ ਵਿੱਚ ਰਹਿਣਾ ਸ਼ੁਰੂ ਕੀਤਾ। ਪਰਿਭਾਸ਼ਕ ਤੌਰ 'ਤੇ ਵਿਆਹ ਇੱਕ ਅਜਿਹੀ ਰਸਮ ਹੈ ਜਿਸ ਤਹਿਤ ਮੁੰਡੇ ਅਤੇ ਕੁੜੀ ਨੂੰ ਸਮਾਜਿਕ ਅਤੇ ਕਾਨੂੰਨੀ ਤੌਰ 'ਤੇ ਪਤੀ-ਪਤਨੀ ਸਵੀਕਾਰਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਸੰਤਾਨ ਉਤਪਤੀ ਤੇ ਆਪਣਾ ਪਰਿਵਾਰ ਸਥਾਪਤ ਕਰਨ ਦੀ ਖੁੱਲ੍ਹ ਮਿਲ ਜਾਂਦੀ ਹੈ। ਰਵਾਇਤੀ ਸਮਾਜਾਂ ਅਤੇ ਸਮੂਹਾਂ ਵਿੱਚ ਵਿਆਹ ਦੀ ਰਸਮ ਧਾਰਮਿਕ ਬੰਧਨਾਂ ਵਿੱਚ ਬੰਨ੍ਹੀ ਪਰ ਸਾਦੀ ਹੁੰਦੀ ਸੀ ਅਤੇ ਸੰਬੰਧਤ ਪਰਿਵਾਰਾਂ ਉੱਤੇ ਕੋਈ ਬਹੁਤਾ ਆਰਥਿਕ ਬੋਝ ਨਹੀਂ ਸੀ ਪੈਂਦਾ।

ਸਮੇਂ ਦੇ ਬਦਲਾਅ ਅਤੇ ਤਕਨੀਕੀ ਗਿਆਨ ਤੇ ਵਿਗਿਆਨ ਦੀ ਆਮਦ ਨੇ ਮਨੁੱਖ ਜੀਵਨ ਵਿੱਚ ਕਾਫ਼ੀ ਤਬਦੀਲੀ ਲਿਆਂਦੀ ਹੈ ਵਿਆਹ ਦੀ ਰਸਮ ਉੱਪਰ ਆਉਣ ਵਾਲੇ ਖਰਚਿਆਂ ਵਿੱਚ ਵੀ ਅਨੇਕ ਤਬਦੀਲੀਆਂ ਆ ਰਹੀਆਂ ਹਨ ਤੇ ਲੋਕਾਂ ਵਿੱਚ ਇਸ ਰਸਮ ਦਾ ਬੋਝ ਕਾਫ਼ੀ ਵੱਧ ਰਿਹਾ ਹੈ। ਪਹਿਲਾਂ ਵਿਆਹ ਆਮ ਕਰਕੇ ਧਾਰਮਿਕ ਸਥਾਨਾਂ, ਧਰਮਸ਼ਾਲਾਵਾਂ, ਸਾਂਝੇ ਜੰਞ ਘਰਾਂ ਜਾਂ ਨਿੱਜੀ ਸਥਾਨਾਂ ਅਤੇ ਗਲੀ ਮੁਹੱਲਿਆਂ ਵਿੱਚ ਹੀ ਨਿਭਾ ਲਏ ਜਾਂਦੇ ਸਨ ਪਰ ਪਿਛਲੇ ਕੁਝ ਕੁ ਸਾਲਾਂ ਤੋਂ ਸਮਾਜ ਦੇ ਵਧੇਰੇ ਲੋਕ ਵਿਆਹਾਂ ਲਈ ਮੈਰਿਜ ਪੈਲੇਸਾਂ ਨੂੰ ਤਰਜੀਹ ਦੇਣ ਲੱਗ ਪਏ ਹਨ। ਮੋਟੇ ਤੌਰ 'ਤੇ ਮੈਰਿਜ ਪੈਲੇਸ ਦਾ ਅਰਥ ਹੈ, ਇੱਕ ਵੱਡੇ ਖੁੱਲ੍ਹੇ ਹਾਲ ਸਹਿਤ ਸਜਾਵਟ ਭਰੀ ਖੁੱਲ੍ਹੀ ਜਗ੍ਹਾ, ਜਿੱਥੇ ਵੱਡੀ ਗਿਣਤੀ ਵਿੱਚ ਲੋਕ ਇਕੱਠੇ ਹੋ ਕੇ ਵਿਆਹ ਦੀ ਰਸਮ ਮੁਕੰਮਲ ਕਰਦੇ ਹਨ। ਇੱਥੇ ਖਾਣ-ਪੀਣ, ਡੀ. ਜੇ., ਪਾਰਟੀਆਂ ਨਾਲ ਸੰਬੰਧਤ ਹੋਰ ਸਾਜੋ ਸਮਾਨ ਅਤੇ ਧਾਰਮਿਕ ਰਸਮਾਂ ਪੂਰੀਆਂ ਕਰਨ ਦਾ ਵੀ ਪ੍ਰਬੰਧ ਹੁੰਦਾ ਹੈ। ਹੁਣ ਵੱਡੇ ਸ਼ਹਿਰਾਂ, ਦਰਮਿਆਨੇ ਕਸਬਿਆਂ ਤੇ ਇੱਥੋਂ ਤੱਕ ਵੱਡ ਅਕਾਰੀ ਪਿੰਡਾਂ ਵਿੱਚ ਵੀ ਮੈਰਿਜ ਪੈਲੇਸਾਂ ਦੀ ਸ਼ੁਰੂਆਤ ਹੋ ਚੁੱਕੀ ਹੈ। ਕਸਬਿਆਂ ਦੀ ਗਿਣਤੀ ਤੇ ਜਨਸੰਖਿਆ ਦੇ ਆਧਾਰ ਤੇ ਮੋਟੇ ਤੌਰ ਤੇ ਪੰਜਾਬ ਵਿੱਚ 1000 ਮੈਰਿਜ ਪੈਲੇਸ ਤੇ ਵੱਡੇ ਹੋਟਲ ਹਨ ਜਿੱਥੇ ਵਿਆਹਾਂ ਤੇ ਸਬੰਧਤ ਰਸਮਾਂ ਦੀ ਪੂਰਤੀ ਕੀਤੀ ਜਾਂਦੀ ਹੈ। ਕੀ ਮੈਰਿਜ ਪੈਲੇਸ ਸਮੇਂ ਦੀ ਲੋੜ ਹਨ? ਕੀ ਇਨ੍ਹਾਂ ਨੇ ਮਨੁੱਖੀ ਰਿਸ਼ਤਿਆਂ ਨੂੰ ਨਿੱਘਾ ਕੀਤਾ ਹੈ ਜਾਂ ਤੋੜਿਆ ਹੈ? ਕੀ ਆਰਥਿਕ ਪੱਖੋਂ ਸੁਖਾਲਤਾ ਮਿਲੀ ਹੈ ਜਾਂ ਬੋਝਲਪਣ? ਅਜਿਹੇ ਕੁਝ ਸਵਾਲ ਹਨ ਜਿਨ੍ਹਾਂ ਬਾਰੇ ਕਿਸੇ ਵੀ ਸੰਵੇਦਨਸ਼ੀਲ ਪ੍ਰਾਣੀ ਦਾ ਧਿਆਨ  ਜਾਂਦਾ ਹੈ।

ਮੈਰਿਜ ਪੈਲੇਸ ਦੀ ਸਥਾਪਨਾ ਤੇ ਏਸ ਦੀ ਵੱਧ ਰਹੀ ਵਰਤੋਂ ਲਈ ਮੁੱਖ ਤੌਰ ‘ਤੇ ਆਰਥਿਕ ਤੇ ਕਿੱਤਾਮੁਖੀ ਤਬਦੀਲੀਆਂ ਦਾ ਵੱਡਾ ਯੋਗਦਾਨ ਹੈ। ਪੁਰਾਣੇ ਠਹਿਰਾਅਵਾਦੀ ਖੇਤੀ ਆਧਾਰਿਤ ਸਮਾਜਾਂ ਦੇ ਮੁਕਾਬਲੇ ਹੁਣ ਲੋਕਾਂ ਕੋਲ ਆਰਥਿਕਤਾ ਦੇ ਕਈ ਵਸੀਲੇ ਆ ਗਏ ਹਨ ਤੇ ਜ਼ਿੰਦਗੀ ਵਿੱਚ ਤੇਜ਼ੀ, ਰੁਝੇਵਾਂ ਤੇ ਗੁੰਝਲਤਾ ਬਹੁਤ ਵਧੀ ਹੈ। ਆਮਦਨ ਵਿੱਚ ਵਾਧਾ ਤੇ ਸਮੇਂ ਦੀ ਘਾਟ ਨੇ ਲੋਕਾਂ ਨੂੰ ਵਿਆਹ ਰਸਮਾਂ ਲਈ ਪੈਲੇਸਾਂ ਦੇ ਰਾਹ ਤੋਰਿਆ ਹੈ। ਲੋਕ ਭਾਵੇਂ ਖੇਤੀ ਵਾਲੇ ਹੋਣ ਜਾਂ ਹੋਰ, ਹਰ ਕੋਈ ਚਾਹੁੰਦਾ ਹੈ ਕਿ ਵਿਆਹ ਛੇਤੀ ਤੋਂ ਛੇਤੀ ਪੈਲੇਸ ਵਿੱਚ ਹੀ ਹੋਵੇ। ਅਜੋਕੀ ਜ਼ਿੰਦਗੀ ਦੇ ਢੱਬਾਂ ਨੂੰ ਦੇਖਿਆ ਜਾਵੇ ਤਾਂ ਲੱਗਦਾ ਹੈ ਕਿ ਪੈਲੇਸ ਸਮੇਂ ਦੀ ਜ਼ਰੂਰਤ ਹਨ ਅਤੇ ਟੁੱਟ ਰਹੇ ਸਾਕਾਦਾਰੀ ਢਾਂਚੇ ਤੇ ਸਾਜੋ ਸਮਾਨ ਦੀ ਢੋਆ ਢੁਆਈ ਤੋਂ ਨਿਜ਼ਾਤ ਪਾਉਣ ਹਿੱਤ ਮੈਰਿਜ ਪੈਲੇਸ ਸਹਾਈ ਹਨ ਅਤੇ ਵਿਆਹ ਰਸਮਾਂ ਬਹੁਤ ਜਲਦੀ ਨਿਪਟਾ ਲਈਆਂ ਜਾਂਦੀਆਂ ਹਨ। ਕੁਝ ਹਾਲਤਾਂ ਵਿੱਚ ਜਗ੍ਹਾ ਦੀ ਘਾਟ ਕਰਕੇ ਵੀ ਪੈਲੇਸਾਂ ਨੂੰ ਤਰਜੀਹ ਦਿੱਤੀ ਜਾਣ ਲੱਗੀ ਹੈ। ਪਰ ਤਸਵੀਰ ਦਾ ਦੂਜਾ ਪੱਖ ਇਹ ਦੱਸਦਾ ਹੈ ਕਿ **ਮੈਰਿਜ ਪੈਲੇਸਾਂ ਦੀ ਸਥਾਪਨਾ ਨੇ ਆਮ ਪਰਿਵਾਰਾਂ ਉੱਤੇ ਮਾਰੂ ਅਸਰ ਪਾਇਆ ਹੈ ਤੇ ਪਾ ਰਹੇ ਹਨ।**

ਪਦਾਰਥਵਾਦੀ ਰੁਚੀਆਂ ਦਾ ਵਾਧਾ, ਮੀਡੀਆ ਦੁਆਰਾ ਉਪਜਾਇਆ ਛਿਣ ਭੰਗੀ ਸਤਹੀ ਭਰਮ-ਜਾਲ, ਸ਼ਕਤੀਸ਼ਾਲੀ ਦੇਸ਼ਾਂ ਦੁਆਰਾ ਆਪਣੇ ਮਾਲ ਦੀ ਵੇਚ ਲਈ ਮੰਡੀ ਪੈਦਾ ਕਰਨਾ, ਸਮਾਜਿਕ ਵਿਖਾਵਾ ਆਦਿ ਕਾਰਨਾਂ ਕਰਕੇ **ਵਿਆਹ ਦੀ ਰਸਮ ਹੁਣ ਪਵਿੱਤਰ ਨਾ ਰਹਿ ਕੇ ਮੰਡੀ ਸ਼ਕਤੀ ਦਾ ਇੱਕ ਹਿੱਸਾ ਬਣਦੀ ਜਾ ਰਹੀ ਹੈ।** ਇਸ ਦਾ ਹਿਸਾਬ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿ ਮੈਰਿਜ ਪੈਲੇਸ ਵਿੱਚ ਕਿਸੇ ਨਾਲ ਖ਼ੁਸ਼ੀ ਸਾਂਝੀ ਕੀਤੀ ਜਾਂਦੀ ਹੈ ਜਾਂ ਸਿਰਫ਼ ਕੁਝ ਘੰਟਿਆਂ ਵਿੱਚ ਪੇਟ ਨੂੰ ਠੂਸਿਆ ਜਾਂਦਾ ਹੈ। ਵਿਆਹ ਵਾਲੇ ਪਰਿਵਾਰ ਨੂੰ ਸ਼ਗਨ ਦਾ ਲਿਫ਼ਾਫ਼ਾ ਫੜਾਉਣਾ ਹੀ ਇੱਕ ਨਿਗੂਣੀ ਸਾਂਝ ਰਹਿ ਗਈ ਹੈ। ਕਈ ਮਾਮਲਿਆਂ ਵਿੱਚ ਤਾਂ ਲਾੜੇ ਤੇ ਲਾੜੀ ਨੂੰ ਦੇਖਿਆ ਤਕ ਵੀ ਨਹੀਂ ਜਾਂਦਾ। ਆਨੰਦ ਕਾਰਜ ਦੀਆਂ ਰਸਮਾਂ ਵਿੱਚ ਤਾਂ ਸਿਰਫ਼ ਪਰਿਵਾਰ ਦੇ ਕੁਝ ਗਿਣੇ ਚੁਣੇ ਲੋਕ ਹੀ ਹੁੰਦੇ ਹਨ। **ਮੈਰਿਜ ਪੈਲੇਸਾਂ ਦੀ ਸਭ ਤੋਂ ਵੱਡੀ ਮਾਰ ਆਰਥਿਕ ਪੱਖੋਂ ਹੈ ਕਿਉਂਕਿ ਅੱਜ ਹਰ ਕੋਈ ਚਾਹੁੰਦੇ ਜਾਂ ਨਾ ਚਾਹੁੰਦੇ ਆਪਣੀ ਹੈਸੀਅਤ ਤੋਂ ਵੱਧ ਖਰਚਾ ਪੈਲੇਸਾਂ ਵਿਚਲੇ ਵਿਆਹਾਂ ਉੱਤੇ ਕਰ ਰਿਹਾ ਹੈ।** ਪੈਲੇਸ ਦਾ ਕਿਰਾਇਆ, ਦੇਸੀ-ਵਿਦੇਸ਼ੀ ਲੋੜ ਤੋਂ ਵੱਧ ਤਿਆਰ ਪਕਵਾਨ, ਸਨੈਕਸ, ਜੂਸ ਫਰੂਟ, ਕਾਫ਼ੀ,ਚਾਹ, ਦਾਰੂ-ਪਾਣੀ, ਡੀ ਜੇ ਜਾਂ ਮਨੋਰੰਜਨ ਕਲਾਕਾਰਾਂ ਤੇ ਵੇਟਰਾਂ ਆਦਿ ਦਾ ਖਰਚਾ ਕਈ ਲੱਖਾਂ ਦੀ ਤਦਾਦ ਵਿੱਚ ਪਹੁੰਚ ਜਾਂਦਾ ਹੈ।

ਕੁਝ ਲੋਕ ਤਾਂ ਇਹ ਕੰਮ ਕਰਜ਼ਾ ਜਾਂ ਉਧਾਰ ਚੁੱਕ ਕੇ ਪੂਰਾ ਕਰਦੇ ਹਨ ਅਤੇ **ਕਈ ਹਾਲਤਾਂ ਵਿੱਚ ਵਿਆਹਾਂ ਆਦਿ ‘ਤੇ ਕੀਤੇ ਖਰਚੇ ਪਰਿਵਾਰਾਂ ਦੇ ਟੁੱਟਣ ਅਤੇ**

**ਕਲੇਸ਼ ਦਾ ਕਾਰਨ ਬਣਦੇ ਹਨ।** ਦਰਮਿਆਨੇ ਪੈਲੇਸ ਵਿੱਚ 700 ਤੋਂ 1500 ਰੁਪਏ ਪਲੇਟ ਅਤੇ ਚੰਗੇ ਪੈਲੇਸਾਂ ਵਿੱਚ 1500 ਤੋਂ 3000 ਰੁਪਏ ਤਕ ਪਲੇਟ ਦਾ ਖਰਚਾ ਆਂਕਿਆ ਗਿਆ ਹੈ। 500-600 ਲੋਕਾਂ ਦੇ ਖਾਣੇ ਦਾ ਹਿਸਾਬ ਸਹਿਜੇ ਹੀ ਲਾਇਆ ਜਾ ਸਕਦਾ ਹੈ। ਆਰਥਿਕ ਬੋਝ ਤੋਂ ਜੇ ਅੱਗੇ ਦੇਖੀਏ ਤਾਂ ਪਤਾ ਚਲਦਾ ਹੈ ਕਿ **ਪੈਲੇਸਾਂ ਵਿਚਲੇ ਵਿਆਹਾਂ ਵਿੱਚ ਜਾਇਆ ਹੋਣ ਵਾਲੇ ਪਦਾਰਥ ਨਾ ਸਿਰਫ਼ ਦੁਖਦਾਈ ਹਨ ਬਲਕਿ ਵਿਕਾਸਸ਼ੀਲ ਦੇਸ਼ ਲਈ ਗ਼ੈਰ ਇਖ਼ਲਾਕੀ ਵੀ ਹਨ।** ਮੈਰਿਜ ਪੈਲੇਸਾਂ ਵਿੱਚ ਇੰਨੇ ਖਾਣੇ ਪਕਵਾਨ ਤੇ ਹੋਰ ਸਮਾਨ ਹੁੰਦਾ ਹੈ ਕਿ ਉਸ ਦੀ ਕੁਝ ਵਰਤੋਂ ਅਤੇ ਵਧੇਰੇ ਦੁਰਵਰਤੋਂ ਹੁੰਦੀ ਹੈ। ਜ਼ਿਆਦਾ ਤੋਂ ਜ਼ਿਆਦਾ ਆਈਟਮਾਂ ਦੇ ਸੁਆਦ ਚੱਖਣ ਹਿੱਤ ਹਰ ਕੋਈ ਪੈਲੇਸਾਂ ਵਿੱਚ ਵਧੇਰੇ ਵਸਤਾਂ ਨੂੰ ਸਿਰਫ਼ ਥੋੜ੍ਹਾ ਖਾ ਕੇ ਬਾਕੀ ਕੂੜੇਦਾਨ ਨੂੰ ਦਾਨ ਕਰ ਦਿੰਦਾ ਹੈ। ਮਹਿੰਗੇ ਪੈਲੇਸਾਂ ਦੇ ਹਾਣ ਦਾ ਦਾਜ ਦੇਣਾ, ਮਿਲਣੀਆਂ ਅਤੇ ਹੋਰ ਵਿਖਾਵਾਕਾਰੀ ਕਾਰਜਾਂ ਕਰਕੇ ਮੱਧਵਰਗੀ ਲੋਕਾਂ ਦਾ ਜੀਵਨ ਔਖਾ ਹੋ ਗਿਆ ਹੈ।

ਪੈਲੇਸ ਅਤੇ ਹੋਟਲ ਸੱਭਿਆਚਾਰ ਦੀ ਉਪਜ ਕਾਰਨ ਸਮਾਜਕ ਤੇ ਮਨੋਵਿਗਿਆਨਕ ਨਤੀਜੇ ਵੀ ਸਾਹਮਣੇ ਆਏ ਹਨ ਜਾਂ ਆ ਰਹੇ ਹਨ ਜਿਸ ਨਾਲ ਸਮਾਜਿਕ ਅਸਮਾਨਤਾਵਾਂ ਦੀ ਉਪਜ ਹੋਰ ਵਧੇਰੇ ਤਿੱਖੀ ਹੋ ਸਕੇਗੀ। ਬਹੁਤ ਪੈਸੇ ਵਾਲੇ ਜਾਂ ਜਿਨ੍ਹਾਂ ਕੋਲ ਕਾਲਾ ਧਨ ਹੈ, ਉਹ ਇੰਨਾ ਵੱਡਾ ਦਿਖਾਵਾ ਕਰਦੇ ਹਨ ਕਿ ਸਾਧਾਰਨ ਆਦਮੀ ਓਨਾ ਸੋਚ ਵੀ ਨਹੀਂ ਸਕਦਾ। ਕਈ ਵਿਆਹਾਂ ਉੱਤੇ ਤਾਂ ਮੇਲੇ ਜਾਂ ਰਾਜਸੀ ਸੰਮੇਲਨ ਵਰਗਾ ਮਾਹੌਲ ਹੁੰਦਾ ਹੈ। ਇਹ ਸਾਰਾ ਕੁਝ ਵਿਖਾਵੇਬਾਜ਼ੀ ਤੇ ਪਦਾਰਥਵਾਦੀ ਰੁਚੀਆਂ ਨੂੰ ਹੋਰ ਲੁਭਾਉਂਦਾ ਹੈ ਅਤੇ ਪਦਾਰਥਵਾਦੀ ਤਲਿੱਸਮ ਦੀ ਨਾ ਪੂਰਤੀ ਬਹੁਤ ਲੋਕਾਂ ਨੂੰ ਘਾਤਕ ਮਨੋਵਿਗਿਆਨਕ ਪ੍ਰਸਥਿਤੀਆਂ ਵੱਲ ਧੱਕ ਰਹੀ ਹੈ। **ਪੈਲੇਸਾਂ ਵਿੱਚ ਖ਼ੁਸ਼ੀ ਮੌਕੇ ਚਲਾਈਆਂ ਗੋਲੀਆਂ ਨੇ ਕਈਆਂ ਦੇ ਘਰ ਬਰਬਾਦ ਕਰ ਦਿੱਤੇ। ਇਸ ਤੋਂ ਛੁੱਟ ਕੰਨ ਪਾੜਵੇਂ ਸ਼ੋਰ ਸ਼ਰਾਬੇ ਤੇ ਅਸੱਭਿਅਕ ਗਾਣਿਆਂ ਨੇ ਸਮਾਜਿਕ ਰਿਸ਼ਤਿਆਂ ਨੂੰ ਗੰਧਲੇ ਪਾਸੇ ਤੋਰਿਆ ਹੈ।** ਜਿੱਥੇ ਪੈਲੇਸ ਘਣੀ ਅਬਾਦੀ ਵਿੱਚ ਹੁੰਦੇ ਹਨ, ਉੱਥੇ ਤਾਂ ਲੋਕਾਂ ਅਤੇ ਪੇਪਰਾਂ ਦੇ ਦਿਨਾਂ ਵਿੱਚ ਬੱਚਿਆਂ ਦਾ ਰੱਬ ਹੀ ਰਾਖਾ ਹੁੰਦਾ ਹੈ।

ਮੈਰਿਜ ਪੈਲੇਸਾਂ ਸਦਕਾ ਵਿਆਹ-ਸ਼ਾਦੀਆਂ ਦੀ ਪਵਿੱਤਰਤਾ ਅਤੇ ਧਾਰਮਿਕ ਪੱਖ ਵੀ ਬੌਣੇ ਹੋ ਗਏ ਲੱਗਦੇ ਹਨ। ਕੋਈ ਸਮਾਂ ਸੀ ਲੋਕ ਦੁਪਹਿਰ ਤੋਂ ਪਹਿਲਾਂ ਅਨੰਦ ਕਾਰਜ ਨੂੰ ਸਮਾਪਤ ਕਰਨਾ ਜ਼ਰੂਰੀ ਸਮਝਦੇ ਸਨ ਪਰ ਹੁਣ ਇਹ ਸਭ ਕੁਝ ਬਦਲਿਆ ਨਜ਼ਰ ਆ ਰਿਹਾ ਹੈ। ਫੇਰਿਆਂ ਵੇਲੇ ਤਾਂ ਸਿਰਫ਼ ਲਾੜਾ-ਲਾੜੀ ਅਤੇ ਉਨ੍ਹਾਂ ਦੇ ਮਾਂ-ਬਾਪ ਹੀ ਰਹਿ ਜਾਂਦੇ ਹਨ। ਪੁਰਾਣੇ ਸਮੇਂ ਦੇ ਵਿਆਹ ਵੇਲੇ ਬਰਾਤੀਆਂ ਤੇ ਮੇਲੀਆਂ ਨਾਲ ਭਰੇ ਧਾਰਮਿਕ ਸਥਾਨਾਂ ਦੀ ਥਾਂ ਹੁਣ ਖਾਲੀਪਣ ਗੂੰਜਦਾ ਹੈ। ਬਰਾਤੀਆਂ ਦੀ ਤਾਂ ਸ਼ੁਰੂਆਤ ਹੀ ਇਸ ਕਰਕੇ ਹੋਈ ਸੀ ਕਿ ਵਿਆਹ ਦੇ ਔਖੇ ਵੇਲੇ ਜਾਂ ਰਾਹ ਵਿੱਚ ਲੋੜ ਪਵੇ ਤਾਂ

ਆਪਣਾ ਆਪ ਵਾਰ ਦਿੰਦੇ ਸਨ ਪਰ ਹੁਣ ਤਾਂ ਸਭ ਕੁਝ ਬਦਲ ਕੇ ਰਹਿ ਗਿਆ ਹੈ। **ਸਿਹਰਾ ਪੜ੍ਹਨਾ, ਸਿੱਖਿਆ ਦੇਣੀ ਵੀ ਸ਼ਾਇਦ ਹੁਣ ਸਮਾਂ ਵਿਹਾਅ ਚੁੱਕੇ ਹਨ। ਸਹਿਜਤਾ ਅਤੇ ਆਨੰਦ ਦਾ ਵਾਤਾਵਰਣ ਹੁਣ ਬਹੁਤ ਕਾਹਲੀ ਵਿੱਚ ਬਦਲ ਚੁੱਕਾ ਹੈ।** ਮਿਲਣੀ, ਫੇਰੇ ਤੇ ਡੋਲੀ ਤੋਰਨਾ ਵੀ ਹੁਣ ਮਕਾਨਕੀ ਜਿਹੀਆਂ ਰਸਮਾਂ ਲੱਗਦੀਆਂ ਹਨ। ਇਸ ਦਾ ਕਾਰਨ ਪਦਾਰਥਵਾਦ ਦੀ ਦੌੜ ਤੇ ਨਵੇਂ ਉੱਭਰੇ 'ਪੈਲੇਸ ਸੱਭਿਆਚਾਰ' ਦੀ ਦੇਣ ਨੂੰ ਮੰਨਿਆ ਜਾ ਸਕਦਾ ਹੈ। ਤਬਦੀਲੀ ਕੁਦਰਤ ਦਾ ਅਟੱਲ ਨਿਯਮ ਹੈ। ਜੋ ਪਹਿਲਾਂ ਸੀ ਉਹ ਹੁਣ ਨਹੀਂ ਅਤੇ ਜੋ ਹੁਣ ਹੈ ਉਹ ਸ਼ਾਇਦ ਅੱਗੇ ਨਹੀਂ ਹੋਵੇਗਾ।

ਤਬਦੀਲੀ ਪਹਿਲਾਂ ਵੀ ਸੀ ਪਰ ਪਿਛਲੇ 30-40 ਸਾਲਾਂ ਦੇ ਅਰਸੇ ਵਿੱਚ ਵੱਖ-ਵੱਖ ਕਾਰਨਾਂ ਕਰਕੇ ਇੱਕ ਦਮ ਆਈ ਤਬਦੀਲੀ ਨੇ ਜਿੱਥੇ ਕੁਝ ਕੁ ਚੰਗਾ ਕੀਤਾ ਹੈ, ਉੱਥੇ ਬਹੁਤ ਕੁਝ ਨਕਾਰਾਤਮਕ ਵੀ ਬਖ਼ਸ਼ਿਆ ਹੈ। ਤਬਦੀਲੀ ਦੇ ਦੌਰ ਵਿੱਚ ਸਮਾਜਿਕ ਰਿਸ਼ਤਿਆਂ ਤੇ ਸਮਾਜਿਕ ਸੰਸਥਾਵਾਂ ਉੱਤੇ ਪ੍ਰਭਾਵ ਪੈਣਾ ਵੀ ਸੁਭਾਵਿਕ ਹੈ। ਵਰਤਮਾਨ ਦੌਰ ਵਿੱਚ ਵਿਆਹ ਰਸਮਾਂ ਪੈਲੇਸਾਂ ਰਾਹੀਂ ਕਰਨ ਨਾਲ ਇੱਕ ਸੁਖਾਲਾ ਰਾਹ ਬਣਦਾ ਜਾ ਰਿਹਾ ਹੈ। ਸਮਾਜ ਵਿੱਚ ਅਜਿਹੇ ਵਾਤਾਵਰਣ ਤੇ ਵਰਤਾਰੇ ਦੇ ਬਹੁਤੇ ਸੁਯੋਗ ਨਤੀਜੇ ਕਦੇ ਨਹੀਂ ਨਿਕਲਦੇ। **ਮਹਿੰਗੇ ਪੈਲੇਸਾਂ ਵਿੱਚ ਵਿਆਹ ਤੇ ਵੱਧ ਦਾਜ ਦੇ ਕੇ ਵੀ ਕੋਈ ਵਿਆਹ ਦੇ ਸਦੀਵੀ ਬੰਧਨ ਦੀ ਹਾਮੀ ਨਹੀਂ ਭਰ ਸਕਦਾ।** ਜੇ ਤਲਾਕਾਂ ਦੇ ਅੰਕੜਿਆਂ ਅਤੇ ਕਾਰਨਾਂ 'ਤੇ ਨਜ਼ਰ ਮਾਰੀ ਜਾਵੇ ਤਾਂ ਹਾਲਤ ਬਹੁਤ ਨਿਰਾਸ਼ਾਜਨਕ ਨਜ਼ਰ ਆਉਂਦੀ ਹੈ।

ਦੇਸ਼ ਦੀ ਅਬਾਦੀ ਵਿੱਚ ਫੈਲੀ ਗ਼ਰੀਬੀ ਤੇ ਹੋਰ ਕਾਰਨਾਂ ਕਰਕੇ ਆਰਥਿਕ ਪੱਖੋਂ ਟੁੱਟੇ ਲੋਕਾਂ ਲਈ ਵਿਆਹਾਂ ਉੱਤੇ ਵੱਡਾ ਖਰਚ ਕਰਨਾ ਇੱਕ ਬੋਝ ਬਣਦਾ ਜਾ ਰਿਹਾ ਹੈ। ਇਸੇ ਕੜੀ ਦਾ ਇੱਕ ਨਤੀਜਾ 'ਭਰੂਣ ਹੱਤਿਆ' ਹੈ ਕਿਉਂਕਿ ਸਮਾਜ ਵਿੱਚ ਫੈਲੀ ਅਸੁਰੱਖਿਆ ਦੀ ਭਾਵਨਾ ਤੇ ਲੜਕੀਆਂ ਦੀ ਪੜ੍ਹਾਈ ਦੁਆਰਾ ਵੀ ਲੜਕੇ ਵਾਲਿਆਂ ਦੇ ਲਾਲਚ ਨੂੰ ਠੱਲ੍ਹ ਨਾ ਪਾ ਸਕਣ ਕਾਰਨ ਅਤੇ ਸਮਾਜ ਵਿੱਚ ਲੜਕੀਆਂ ਲਈ ਹਾਲਾਤ ਸੁਖਾਵੇਂ ਨਾ ਹੋਣ ਕਰਕੇ ਲੋਕ ਧੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਮਾਰ ਦਿੰਦੇ ਹਨ। ਇਸ ਸਾਰੇ ਕੁਝ ਨੂੰ ਮੱਦੇਨਜ਼ਰ ਰੱਖਦਿਆਂ ਲੋੜੀਂਦਾ ਹੈ ਕਿ ਸਮਾਜ ਵਿੱਚ ਉਸਾਰੂ ਸੋਚ ਨੂੰ ਉਭਾਰਿਆ ਜਾਵੇ। **ਵਿਆਹਾਂ ਵਿੱਚ ਅਣਚਾਹੇ ਖਰਚਿਆਂ ਨੂੰ ਘੱਟ ਕਰਕੇ ਆਪਣੀ ਜ਼ਿੰਦਗੀ ਨੂੰ ਸੌਖਾ ਕੀਤਾ ਜਾ ਸਕਦਾ ਹੈ ਪਰ ਇਹ ਤਾਂ ਹੀ ਸੰਭਵ ਹੈ ਜੇ ਸਾਰੇ ਆਤਮ ਚਿੰਤਨ ਕਰਨ।** ਰਾਜਨੀਤਕ ਲੋਕ, ਪਿੰਡਾਂ ਦੀਆਂ ਪੰਚਾਇਤਾਂ ਤੇ ਹੋਰ ਸਮਾਜ ਉਸਾਰੂ ਸੋਚ ਵਾਲੇ ਲੋਕ ਇਸ ਪੱਖੋਂ ਨਿੱਗਰ ਰੋਲ ਅਦਾ ਕਰ ਸਕਦੇ ਹਨ।

# ਸਾਦੇ ਵਿਆਹ-ਸ਼ਾਦੀਆਂ ਦੀ ਪਿਰਤ ਪਾਈਏ

**– ਮਹਿੰਦਰ ਸਿੰਘ ਬਾਜਵਾ**

ਭਾਰਤੀ ਸੱਭਿਆਚਾਰ ਅਨੁਸਾਰ ਵਿਆਹ ਇਕ ਪਵਿੱਤਰ ਬੰਧਨ ਅਤੇ ਜ਼ਰੂਰੀ ਜੀਵਨ ਅੰਗ ਹੈ। ਸਮੇਂ-ਸਮੇਂ ਅਨੁਸਾਰ ਵਿਆਹ-ਸ਼ਾਦੀਆਂ ਦੇ ਰੰਗ-ਢੰਗ ਬਦਲਦੇ ਰਹੇ ਹਨ, ਰਾਜਿਆਂ-ਮਹਾਰਾਜਿਆਂ ਦੇ ਵੇਲੇ ਸਵੰਬਰ ਰਚਾਇਆ ਜਾਂਦਾ ਸੀ। ਸ਼ਰਤਾਂ ਪੂਰੀਆਂ ਕਰਨ ਵਾਲੇ ਰਾਜ ਕੁਮਾਰ ਨੂੰ ਰਾਜ ਕੁਮਾਰੀ ਵਰ ਮਾਲਾ ਪਹਿਨਾ ਦਿੰਦੀ ਸੀ। ਭਗਵਾਨ ਰਾਮ ਅਤੇ ਸੀਤਾ ਮਾਤਾ ਦੇ ਵਿਆਹ ਦੀ ਮਿਸਾਲ ਸਾਡੇ ਸਾਹਮਣੇ ਹੈ। ਇਸ ਤੋਂ ਪਹਿਲਾਂ ਕਿ ਆਧੁਨਿਕ ਵਿਆਹਾਂ ਦੀ ਗੱਲ ਕਰੀਏ, ਪਹਿਲਾਂ ਪੁਰਾਣੇ ਸਮੇਂ 'ਚ ਹੋਣ ਵਾਲੇ ਸਾਦੇ ਅਤੇ ਸਸਤੇ ਵਿਆਹਾਂ ਦੀ ਗੱਲ ਕਰਨੀ ਅਤੀ ਜ਼ਰੂਰੀ ਹੈ। ਸ਼ਹਿਰਾਂ 'ਚ ਹੋਣ ਵਾਲੇ ਵਿਆਹ ਪਿੰਡਾਂ ਦੇ ਵਿਆਹਾਂ ਨਾਲੋਂ ਕੁਝ ਮਹਿੰਗੇ ਹੁੰਦੇ ਸਨ। ਕਿਉਂਕਿ ਇਹ ਵਿਆਹ ਆਮ ਤੌਰ 'ਤੇ ਰਾਤ ਨੂੰ ਹੁੰਦੇ ਸਨ, ਇਸ ਲਈ ਹਰ ਗਲੀ-ਮੁਹੱਲੇ ਦਾ ਆਪਣਾ ਜੰਜਘਰ ਹੁੰਦਾ ਸੀ, ਜੋ ਹੁਣ ਵੀ ਕਿਤੇ-ਕਿਤੇ ਮਿਲਦਾ ਹੈ। ਜਿਥੋਂ ਤੱਕ ਪਿੰਡਾਂ ਦੇ ਵਿਆਹਾਂ ਦੀ ਗੱਲ ਹੈ, ਇਹ ਵਿਆਹ ਬਹੁਤ ਸਾਦੇ, ਰੌਣਕ ਭਰੇ ਅਤੇ ਖੁਸ਼ੀਆਂ ਭਰਪੂਰ ਹੁੰਦੇ ਹਨ।

ਬਰਾਤਾਂ ਆਮ ਤੌਰ 'ਤੇ ਦੁਪਹਿਰ ਤੋਂ ਪਿੱਛੋਂ ਹੀ ਚੜ੍ਹਦੀਆਂ (ਤੁਰਦੀਆਂ) ਸਨ। ਲੋਕਾਂ ਨੂੰ ਘੋੜੀਆਂ ਰੱਖਣ ਦਾ ਕਾਫੀ ਸ਼ੌਕ ਸੀ। ਇਸ ਲਈ ਬਰਾਤ ਘੋੜੀਆਂ 'ਤੇ ਹੀ ਜਾਂਦੀ ਸੀ। ਇਕ-ਇਕ ਘੋੜੀ 'ਤੇ ਦੋ-ਦੋ, ਤਿੰਨ-ਤਿੰਨ ਬਰਾਤੀ ਬੈਠ ਜਾਂਦੇ। ਬਰਾਤ ਜਦ ਲੜਕੀ ਵਾਲਿਆਂ ਦੇ ਪਿੰਡ ਪੁੱਜਦੀ ਤਾਂ ਸਾਰਾ ਪਿੰਡ ਹੀ ਮਰਦ-ਔਰਤਾਂ ਬਰਾਤ ਦੀ ਆਓ ਭਗਤ ਲਈ ਉਮਡ ਪੈਂਦਾ, ਢੋਲਕ ਛੈਣਿਆਂ ਨਾਲ ਮਿਲਣੀ ਦੇ ਸ਼ਬਦ ਪੜ੍ਹੇ ਜਾਂਦੇ। ਕੁੜਮਾਂ ਦੀ ਮਿਲਣੀ ਤੋਂ ਬਾਅਦ ਲੜਕੀ ਦੇ ਮਾਮਾ ਅਤੇ ਲੜਕੇ ਦੇ ਮਾਮੇ ਦੀ ਮਿਲਣੀ ਕਰਵਾਈ ਜਾਂਦੀ। ਸਿਰਵਾਰਨੇ ਕਰਕੇ (ਨੋਟ ਵਾਰ ਕੇ) ਲਾਗੀਆਂ ਨੂੰ ਦਿੱਤੀ ਜਾਂਦੀ ਰਕਮ ਲਾਗੀਆਂ ਦੀਆਂ ਜੇਬਾਂ ਭਰ ਦਿੰਦੀ। ਨੋਟ ਭਾਵੇਂ ਇਕ-ਇਕ, ਦੋ-ਦੋ ਰੁਪਏ ਦੇ ਹੀ ਹੁੰਦੇ ਸਨ। ਸ਼ਾਮ ਨੂੰ ਚਾਹ ਤੋਂ ਪਿੱਛੋਂ ਰਾਤ ਦੀ ਰੋਟੀ ਖਾਣ ਸਮੇਂ ਪਿੰਡ ਦੀਆਂ ਔਰਤਾਂ, ਲੜਕੀਆਂ ਰਲ-ਮਿਲ ਕੇ ਸਿੱਠਣੀਆਂ ਦੇ ਗੀਤ (ਖੱਟ ਮਿੱਠੇ ਸਵਾਦ ਦੇ) ਗਾਉਂਦੀਆਂ।

ਅੱਜ ਵਿਆਹ-ਸ਼ਾਦੀਆਂ ਨੇ ਆਪਣਾ ਰੂਪ-ਰੰਗ ਹੀ ਬਦਲ ਲਿਆ ਹੈ। ਇਹ ਰਸਮਾਂ ਏਨੀ ਸ਼ਾਨੋ-ਸ਼ੌਕਤ ਨਾਲ ਮਨਾਈਆਂ ਜਾ ਰਹੀਆਂ ਹਨ ਕਿ ਜੇਕਰ ਪੁਰਾਣੇ ਸਮੇਂ ਦੇ ਰਾਜੇ-ਮਹਾਰਾਜੇ ਵੀ ਦੇਖ ਲੈਣ ਤਾਂ ਦੰਗ ਹੀ ਰਹਿ ਜਾਣ। ਖਰਚੇ ਲੱਖਾਂ ਤੱਕ ਪੁੱਜ ਗਏ ਹਨ। **ਇਕ ਅੰਦਾਜ਼ੇ ਮੁਤਾਬਿਕ 5 ਤੋਂ 10 ਫੀਸਦੀ ਲੋਕ ਹੀ ਆਪਣੀ ਜੇਬ ਵਿਚੋਂ**

**ਇਹ ਖਰਚ ਕਰ ਸਕਦੇ ਹਨ। ਦਰਮਿਆਨਾ ਤਬਕਾ ਅਤੇ ਉਸ ਤੋਂ ਥੱਲੇ ਵਾਲੇ ਲੋਕ ਜ਼ਮੀਨ-ਮਕਾਨ ਵੇਚਣਗੇ, ਵਿਆਜ 'ਤੇ ਕਰਜ਼ਾ ਲੈਣਗੇ ਜਾਂ ਰਿਸ਼ਤੇਦਾਰਾਂ ਤੋਂ ਉਧਾਰ ਮੰਗਣਗੇ।** ਪਰ ਜਦੋਂ ਇਹ ਕਰਜ਼ਾ ਵਿਆਜ ਸਮੇਤ ਮੋੜਨਾ ਪੈਂਦਾ ਹੈ ਤਾਂ ਢੇਰ ਸਾਰੀਆਂ ਮੁਸ਼ਕਿਲਾਂ ਖੜ੍ਹੀਆਂ ਹੋ ਜਾਂਦੀਆਂ ਹਨ। ਸੋਚਣ ਵਾਲੀ ਗੱਲ ਹੈ ਕਿ ਜਿਸ ਵਿਅਕਤੀ ਨੂੰ 3-4 ਲੜਕੀਆਂ ਦੇ ਵਿਆਹ ਕਰਨੇ ਪੈ ਜਾਣ, ਉਸ ਦੀ ਕੀ ਹਾਲਤ ਹੋ ਸਕਦੀ ਹੋਵੇਗੀ? ਕਿਹਾ ਜਾਂਦਾ ਹੈ ਕਿ ਉੱਨਤ ਦੇਸ਼ਾਂ ਵਿਚ ਵਿਆਹ ਬੜੇ ਸਾਦੇ ਅਤੇ ਸਸਤੇ ਹੁੰਦੇ ਹਨ। ਲੜਕੀ ਅਤੇ ਲੜਕੇ ਵਾਲੇ ਗਿਰਜਾਘਰ ਪਹੁੰਚਦੇ ਹਨ, ਪਾਦਰੀ ਸਾਹਿਬ ਵੱਲੋਂ ਵਿਆਹ ਰਜਿਸਟਰਡ ਕੀਤਾ ਜਾਂਦਾ ਹੈ, ਸਾਦਾ ਚਾਹ ਦਿੱਤੀ ਜਾਂਦੀ ਹੈ ਅਤੇ ਕੋਈ ਰੌਲਾ-ਰੱਪਾ ਨਹੀਂ, ਕੋਈ ਧੂਮ-ਧੜੱਕਾ ਨਹੀਂ।

ਭਾਰਤ ਦੀ ਲੋਕ ਸਭਾ ਜੇਕਰ ਕਾਨੂੰਨ ਪਾਸ ਕਰੇ ਕਿ 5 ਲੱਖ ਤੋਂ ਉੱਪਰ ਵਿਆਹ 'ਤੇ ਖਰਚਾ ਕਰਨਾ ਜੁਰਮ ਹੈ ਤਾਂ ਫਜ਼ੂਲ ਖਰਚੀ ਨੂੰ ਠੱਲ੍ਹ ਪੈ ਸਕਦੀ ਹੈ। ਮਹਿੰਗੇ ਵਿਆਹਾਂ ਦਾ ਇਕ ਹੋਰ ਪੱਖ ਵੀ ਗੰਭੀਰਤਾ ਨਾਲ ਵਿਚਾਰਨਯੋਗ ਹੈ। ਇਹ ਹੈ ਭੋਜਨ ਦੀ ਬਰਬਾਦੀ। ਭੋਜਨ ਵਿਚ ਅਣਗਿਣਤ ਵੰਨਗੀਆਂ ਟਿਕਾਈਆਂ ਜਾਂਦੀਆਂ ਹਨ। ਬਹੁਤ ਸਾਰਾ ਭੋਜਨ ਬਚ ਜਾਂਦਾ ਹੈ ਅਤੇ ਬੇਕਾਰ ਜਾਂਦਾ ਹੈ। ਦੂਜੇ ਪਾਸੇ ਬਹੁਤ ਸਾਰੇ ਗ਼ਰੀਬ ਲੋਕ ਹਨ, ਜਿਨ੍ਹਾਂ ਨੂੰ ਦੋ ਵਕਤ ਦਾ ਭੋਜਨ ਵੀ ਨਹੀਂ ਮਿਲਦਾ। ਆਓ, ਇਸ ਮਸਲੇ ਬਾਰੇ ਸੰਜੀਦਗੀ ਨਾਲ ਸੋਚੀਏ। **ਮਹਿੰਗੇ ਵਿਆਹ ਵੀ ਇਕ ਸਮਾਜਿਕ ਬੁਰਾਈ ਹੈ। ਸਾਦੇ ਵਿਆਹਾਂ ਦੀ ਪਿਰਤ ਪਾਈਏ ਤੇ ਸਮਾਜ ਬਚਾਈਏ।**

(ਧੰਨਵਾਦ ਸਹਿਤ - ਅਜੀਤ)

**ਵਿਆਹ ਧਰਿਆ ਜੇ ?**

ਬਹੁਤੀਆਂ ਸਲਾਹਾਂ ਨਾ ਲਵੋ

ਜੇ ਤੁਸੀਂ ਆਪਣੇ ਘਰ ਵਿਆਹ ਧਰਿਆ ਹੈ ਤਾਂ ਸਿਆਣੇ ਕਹਿੰਦੇ ਹਨ ਬਹੁਤੇ ਲੋਕਾਂ ਕੋਲੋਂ ਸਲਾਹਾਂ ਨਾ ਲਵੋ। ਹਰ ਕੋਈ ਆਪਣੀਆਂ ਰਸਮਾਂ ਤੇ ਆਪਣੇ ਤਜਰਬੇ ਦਸ ਕੇ ਓਹੀ ਕੁਝ ਕਰਨ ਲਈ ਹੀ ਕਹਿੰਦਾ ਹੈ। ਇੰਝ ਬਹੁਤੀ ਵਾਰੀ ਬਹੁਤਾ ਸੌਖਾ ਕਾਰਜ ਵੀ ਅਸੀਂ ਔਖਾ ਕਰ ਲੈਂਦੇ ਹਾਂ - ਬਸ ਦੇਖਾ-ਦੇਖੀ।

ਨਾਲੇ ਕਹਿੰਦੇ ਹਨ - **'ਬਹੁ ਮਿੱਤਾ' 'ਬਹੁ ਚਿੱਤਾ'**। ਜਿਨੀਆਂ ਵੱਧ ਸਲਾਹਾਂ ਓਨਾ ਵੱਧ ਭਰਮ। ਚੰਗੀ ਗਲ ਹੈ ਕਿ ਇਕ-ਦੋ ਸਿਆਣੇ ਤੇ ਅਗਾਂਹਵਧੂ ਦਾਨਸ਼ਵਰ ਜਿਹਨਾਂ ਨੇ ਆਪ ਮਿਸਾਲੀ ਵਿਆਹ ਕੀਤੇ ਹੋਣ ਉਹਨਾਂ ਤੋਂ ਪੁਛ ਕੇ ਆਦਰਸ਼ਕ ਤੇ ਸਾਦਾ ਵਿਆਹ ਸਮਾਗਮ ਕੀਤਾ ਜਾਵੇ।

# ਵਿਖਾਵੇ ਵਾਲੀ ਮਾਨਸਿਕਤਾ

**– ਡਾ. ਹਰਜਿੰਦਰ ਸਿੰਘ ਵਾਲੀਆ**

ਆਪਾਂ ਬਾਪੂ ਜੀ ਦਾ ਭੋਗ ਐਤਵਾਰ ਦੀ ਥਾਂ 'ਤੇ ਬੁੱਧਵਾਰ ਨੂੰ ਕਰਤਾ: ਬੁੱਧਵਾਰ ਨੂੰ 12 ਤੋਂ ਡੇਢ, ਯਾਦ ਰੱਖਿਓ ਮੈਨੂੰ ਮੇਰੇ ਇਕ ਜਾਣਕਾਰ ਦਾ ਫੋਨ ਆਉਂਦਾ ਹੈ।

"ਕਿਉਂ ਐਤਵਾਰ ਨੂੰ ਠੀਕ ਤਾਂ ਸੀ, ਕਾਰਡ ਵੀ ਵੰਡੇ ਗਏ ਸੀ। ਆਹ ਤਬਦੀਲੀ ਕਿਉਂ?" ਮੈਂ ਪੁੱਛਦਾ ਹਾਂ।

"ਉਸ ਦਿਨ ਸਰਦਾਰ ਸਾਹਿਬ (ਇਕ ਵੱਡੇ ਲੀਡਰ) ਨੂੰ ਕੰਮ ਪੈ ਗਿਆ। ਕਹਿਣ ਲੱਗੇ ਐਤਵਾਰ ਨੂੰ ਮੈਂ ਆ ਨਹੀਂ ਸਕਣਾ। ਸੋ, ਆਪਾਂ ਦਿਨ ਬਦਲ ਲਿਆ।" ਉਹ ਮਾਣ ਨਾਲ ਦਸ ਰਿਹਾ ਸੀ। ਮੈਂ ਕਹਿਣਾ ਵੀ ਤਾਂ ਚਾਹੁੰਦਾ ਸੀ ਕਿ ਯਾਰ ਤੇਰਾ ਬਾਪੂ ਬੜਾ ਭਲਾ ਮਾਨਸ ਸੀ। ਇਮਾਨਦਾਰ ਇਨਸਾਨ ਸੀ। ਸਾਰੀ ਉਮਰ ਮਿਹਨਤ ਕਰਕੇ ਰੋਟੀ ਕਮਾਈ ਸੀ ਉਸਨੇ। ਆਹ ਜਿਹੜੇ ਤੇਰੇ 'ਸਰਦਾਰ ਸਾਹਿਬ' ਬਾਰੇ ਸਾਰੇ ਜਾਣਦੇ ਨੇ ਕਿ ਇਹ ਕਿਹੋ ਜਿਹਾ ਲੀਡਰ ਐ। ਅਜਿਹੇ ਭ੍ਰਿਸ਼ਟ ਅਤੇ ਬੇਈਮਾਨ ਬੰਦੇ ਕਾਰਨ ਤੂੰ ਆਪਣੇ ਬਾਪੂ ਦਾ ਭੋਗ ਲੇਟ ਕਰਵਾਇਆ। ਕਿਉਂ ਜੇ ਇਹ ਲੀਡਰ ਨਹੀਂ ਆਊ ਤਾਂ ਕੀ ਤੇਰੇ ਬਾਪ ਦੀ ਗਤੀ ਨਹੀਂ ਹੋਊ। ਸਾਡੀ ਇਹੀ ਮਾਨਸਿਕਤਾ ਨੇ ਤਾਂ ਅਜਿਹੇ ਕਰੱਪਟ ਲੀਡਰਾਂ ਨੂੰ ਸਿਰੇ ਚੜ੍ਹਾਇਆ ਹੋਇਐ। ਜੇ ਅਸੀਂ ਸਮਾਜਿਕ ਤੌਰ 'ਤੇ ਇਨ੍ਹਾਂ ਨੂੰ ਸਤਿਕਾਰ ਦੇਣਾ ਬੰਦ ਕਰ ਦੱਈਏ ਤਾਂ ਕੁੱਝ ਸੁਧਾਰ ਆ ਸਕਦੈ। ਖੈਰ, ਮੌਕਾ ਅਜਿਹਾ ਸੀ ਕਿ ਮੈਂ ਚਾਹੁੰਦਾ ਹੋਇਆ ਵੀ ਕੁੱਝ ਨਹੀਂ ਕਹਿ ਸਕਿਆ। ਪਰ ਮੈਨੂੰ ਸਾਡੀ ਮਾਨਸਿਕਤਾ 'ਤੇ ਤਰਸ ਆਇਆ ਕਿ **ਅਸੀਂ ਵਿਖਾਵੇ ਦੇ ਇੰਨੇ ਸ਼ਿਕਾਰ ਹੋ ਚੁੱਕੇ ਹਾਂ ਕਿ ਆਪਣੇ ਬਾਪ ਦੇ ਭੋਗ ਨੂੰ ਵੀ ਵਿਖਾਵੇ ਅਤੇ ਹਉਮੇ ਨੂੰ ਪੱਠੇ ਪਾਉਣ ਦਾ ਵੱਡਾ ਮੌਕਾ ਸਮਝਦੇ ਹਾਂ।**

ਪੰਜਾਬ ਦੀ ਗਰਕ ਹੋ ਰਹੀ ਆਰਥਿਕ ਹਾਲਤ ਵਿੱਚ ਸਾਡੀ ਵਿਖਾਵੇ ਵਾਲੀ ਮਾਨਸਿਕਤਾ ਦਾ ਵੱਡਾ ਰੋਲ ਹੈ। ਅਸੀਂ ਵਿਆਹਾਂ, ਭੋਗਾਂ, ਅਤੇ ਹੋਰ ਸਮਾਜਕ ਸਮਾਰੋਹਾਂ 'ਤੇ ਵਿੱਤੋਂ ਬਾਹਰ ਜਾ ਕੇ ਖਰਚਾ ਕਰਕੇ ਵਿਖਾਵਾ ਕਰਨ ਵਿੱਚ ਮਾਣ ਮਹਿਸੂਸ ਕਰਦੇ ਹਾਂ। ਅੱਜ ਕੱਲ੍ਹ ਪੰਜਾਬੀਆਂ ਦੇ ਇਕ ਵਿਆਹ ਦੇ ਪੰਜ ਤੋਂ ਸੱਤ ਤੱਕ ਪ੍ਰੋਗਰਾਮ ਹੁੰਦੇ ਹਨ।ਮੁੰਡੇ ਕੁੜੀ ਦੀ ਵੇਖ ਵਿਖਾਈ ਤੋਂ ਬਾਅਦ 'ਰੋਕਾ' 'ਰਿੰਗ ਸੈਰੇਮਨੀ', ਸ਼ਗਨ, ਚੁੰਨੀ ਚੜ੍ਹਾਈ, ਲੇਡੀਜ਼ ਸੰਗੀਤ, 'ਅਨੰਦ ਕਾਰਜ' ਅਤੇ ਰਿਸੈਪਸ਼ਨ। ਇਨ੍ਹਾਂ ਸਾਰੇ ਪ੍ਰੋਗਰਾਮਾਂ 'ਤੇ ਬੇਹਿਸਾਬਾ ਪੈਸਾ ਵਿਖਾਵੇ 'ਤੇ ਬਰਬਾਦ ਕੀਤਾ ਜਾਂਦਾ ਹੈ। ਮੈਰਿਜ ਪੈਲੇਸਾਂ ਦੀ ਸਜਾਵਟ 'ਤੇ ਲੱਖਾਂ ਰੁਪਏ ਖਰਚ ਹੁੰਦੇ ਹਨ। ਕੈਟਰਿੰਗ ਵਾਲੇ 1000 ਤੋਂ 3000 ਰੁਪਏ ਪ੍ਰਤੀ ਪਲੇਟ ਵਸੂਲਦੇ ਹਨ। ਲੱਖਾਂ ਰੁਪਏ ਦਾ ਭੋਜਨ ਬਰਬਾਦ ਹੋ ਕੇ

ਰੂੜੀਆਂ 'ਤੇ ਸੁੱਟਿਆ ਜਾਂਦਾ ਹੈ। ਆਤਿਸ਼ਬਾਜੀ 'ਤੇ ਵੀ ਲੱਖਾਂ ਰੁਪਏ ਖਰਚੇ ਜਾਂਦੇ ਹਨ। ਕੱਪੜੇ ਅਤੇ ਗਹਿਣਿਆਂ ਤੋਂ ਇਲਾਵਾ ਦਾਜ ਵਿੱਚ ਕਾਰਾਂ ਅਤੇ ਹੋਰ ਮਹਿੰਗੀਆਂ ਚੀਜ਼ਾਂ ਦੇਣ ਦਾ ਰਿਵਾਜ਼ ਹੈ। **ਵੇਖਾ-ਵੇਖੀ ਮੱਧ ਵਰਗ ਅਤੇ ਨਿਚਲਾ ਮੱਧ ਵਰਗ ਵੀ ਇਸੇ ਰੁਝਾਨ ਦਾ ਸ਼ਿਕਾਰ ਹੋ ਰਿਹਾ ਹੈ। ਇਧਰੋਂ-ਉਧਰੋਂ ਕਰਜ਼ੇ ਲੈ ਕੇ ਵਿਆਹ ਕੀਤੇ ਜਾਣ ਲੱਗੇ ਹਨ ਤਾਂ ਕਿ ਬਰਾਦਰੀ ਵਿੱਚ ਨੱਕ ਰਹਿ ਜਾਵੇ।** ਭਾਈਚਾਰੇ ਵਿੱਚ ਆਪਣੀ ਫੋਕੀ ਸ਼ਾਨ ਬਣਾਉਣ ਖਾਤਰ ਅੱਜ ਪੰਜਾਬੀ ਕਰਜ਼ਈ, ਹੋਣ ਨੂੰ ਤਰਜੀਹ ਦੇ ਰਿਹਾ ਹੈ। ਟਰੈਕਟਰ ਅਤੇ ਜ਼ਮੀਨ ਦੇ ਨਾਮ 'ਤੇ ਕਰਜ਼ੇ ਲੈ ਕੇ ਪੈਸੇ ਵਿਆਹ ਦੀ ਫਜ਼ੂਲ ਖਰਚੀ 'ਤੇ ਲਾ ਦਿੱਤੇ ਜਾਂਦੇ ਹਨ। ਜਦੋਂ ਅਸੀਂ ਕਹਿੰਦੇ ਹਾਂ ਕਿ ਪੰਜਾਬੀ ਵੀ ਖੁਦਕੁਸ਼ੀਆਂ ਦੇ ਰਾਹ ਪੈ ਗਿਆ ਹੈ ਤਾਂ ਉਸ ਵੇਲੇ ਸਾਨੂੰ ਆਪਣੀ ਵਿਖਾਵੇ ਵਾਲੀ ਬਿਰਤੀ ਜ਼ਰੂਰ ਯਾਦ ਕਰ ਲੈਣੀ ਚਾਹੀਦੀ ਹੈ।

ਇਹ ਵਿਖਾਵਾ, ਸਾਡੀ ਫਜ਼ੂਲ ਖਰਚੀ ਸਿਰਫ ਵਿਆਹਾਂ 'ਤੇ ਹੀ ਨਹੀਂ ਸਗੋਂ ਮਰਗ ਦੇ ਭੋਗਾਂ 'ਤੇ ਵੀ ਹੋਣ ਲੱਗੀ ਹੈ। ਭੋਗਾਂ 'ਤੇ ਵੀ ਵਿਆਹਾਂ ਵਾਂਗ ਵਧੀਆ ਰੋਟੀ ਪਾਣੀ ਦਾ ਇੰਤਜ਼ਾਮ ਕੀਤਾ ਜਾਂਦਾ ਹੈ। ਭੋਗ 'ਤੇ ਸ਼ਾਮਲ ਹੋਣ ਆਏ ਸਾਰੇ ਮਹਿਮਾਨ ਪਹਿਲਾਂ ਰੱਜ ਕੇ ਭੋਜਨ, ਆਇਸ ਕਰੀਮ, ਜਲੇਬੀਆਂ ਅਤੇ ਕੜਾਹ ਆਦਿ ਦਾ ਅਨੰਦ ਲੈਂਦੇ ਹਨ। ਕੋਈ ਸਮਾਂ ਸੀ ਦੂਰੋਂ ਆਉਣ ਵਾਲੇ ਰਿਸ਼ਤੇਦਾਰ ਅਤੇ ਸ਼ਰੀਕੇ ਵਾਲੇ ਹੀ ਮਰਗ ਵਾਲੇ ਘਰ ਲੰਗਰ ਛੱਕਦੇ ਸਨ।ਅੱਜ ਰੁਝਾਨ ਬਦਲ ਗਿਆ ਹੈ ਅਤੇ ਭੋਗ 'ਤੇ ਹਾਜ਼ਰ ਹੋਣ ਵਾਲਾ ਹਰ ਬੰਦਾ ਭੋਜਨ ਛੱਕਦਾ ਹੈ। ਅੰਤਮ ਅਰਦਾਸ ਤੋਂ ਬਾਅਦ ਭਾਸ਼ਣਾਂ ਦਾ ਦੌਰ ਚਲਦਾ ਹੈ। ਮ੍ਰਿਤਕ ਦੇ ਧੀਆਂ ਪੁੱਤਰ ਜੇ ਵੱਡੇ ਅਹੁਦਿਆਂ 'ਤੇ ਹਨ ਤਾਂ ਇਨ੍ਹਾਂ ਭਾਸ਼ਣਾਂ ਵਿੱਚ ਦੁਨੀਆਂ ਤੋਂ ਜਾਣ ਵਾਲੇ ਦੇ ਹਵਾਲੇ ਨਾਲ ਇਨ੍ਹਾਂ ਧੀਆਂ ਪੁੱਤਰਾਂ ਦੀ ਪ੍ਰਸ਼ੰਸਾ ਦੇ ਪੁਲ ਬੰਨ੍ਹੇ ਜਾਂਦੇ ਹਨ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿੱਚ ਰੱਜ ਕੇ ਝੂਠ ਤੂਫਾਨ ਬੋਲਿਆ ਜਾਂਦਾ ਹੈ। ਗੁਰੂ ਘਰਾਂ ਨੂੰ ਵੱਡੇ ਦਾਨ ਦਾ ਐਲਾਨ ਕਰਕੇ ਭਾਈਚਾਰੇ ਵਿੱਚ ਸਿਰ ਉੱਚਾ ਕਰਕੇ ਤੁਰਨ ਦਾ ਉਪਰਾਲਾ ਕੀਤਾ ਜਾਂਦਾ ਹੈ। ਇੰਨਾਂ ਖੁੱਲ੍ਹ ਕੇ ਖਰਚ ਕੀਤਾ ਜਾਂਦਾ ਹੈ ਕਿ ਇਸ ਨਾਲੋਂ ਅੱਧੇ ਖਰਚੇ ਵਿੱਚ ਬਜ਼ੁਰਗ ਦਾ ਠੀਕ ਇਲਾਜ ਹੋ ਸਕਦਾ ਸੀ ਅਤੇ ਉਹ ਦੁਨੀਆਂ ਤੋਂ ਅਰਾਮ ਨਾਲ ਚਾਲੇ ਪਾ ਸਕਦਾ ਸੀ। ਦੁੱਖ ਤਾ ਉਸ ਵੇਲੇ ਹੁੰਦਾ ਹੈ ਕਿ ਜਦੋਂ ਇਹ ਸਾਰਾ ਕੁੱਝ ਦਿਲ ਨਹੀਂ ਸਗੋਂ ਭਾਈਚਾਰੇ ਵਿੱਚ ਨੱਕ ਰੱਖਣ ਖਾਤਰ ਕੀਤਾ ਜਾਂਦਾ ਹੈ ਅਤੇ **ਬਹੁਤ ਸਾਰੇ ਕੇਸਾਂ ਵਿੱਚ ਲੋਕ ਵਿਆਜੀ ਪੈਸਾ ਲੈ ਕੇ ਇਹ ਸਾਰਾ ਪਰਪੰਚ ਕਰਦੇ ਹਨ।**

ਵਕਤ ਦੀ ਮੰਗ ਹੈ ਕਿ ਪੰਜਾਬੀ ਆਪਣੀ ਝੂਠੀ ਹਉਮੈ ਨੂੰ ਤਿਆਗ ਕੇ ਸਾਦੇ ਵਿਆਹਾਂ ਅਤੇ ਭੋਗ ਦੀਆਂ ਰਸਮਾਂ ਨੂੰ ਅਪਨਾਉਣ। ਪੰਜਾਬੀ ਲੋਕਾਂ ਵਿੱਚ ਵਿਖਾਵੇ ਦੀ ਰੁਚੀ ਤਾਂ ਵੱਡੀ ਪੱਧਰ 'ਤੇ ਪਾਈ ਜਾਂਦੀ ਹੈ ਅਤੇ ਹੈ ਵੀ ਬਹੁਤ ਪੁਰਾਣੀ। ਪੰਜਾਬੀਆਂ

ਦਾ ਹੀਰੋ ਮਿਰਜ਼ਾ ਹਸਕੇ ਸਾਹਿਬਾਂ ਨੂੰ ਆਖਦਾ ਹੈ ਕਿ 'ਮੇਰੀ ਬੱਕੀ ਤੋਂ ਡਰਨ ਫਰਿਸ਼ਤੇ ਅਤੇ ਮੈਥੋਂ ਡਰੇ ਖੁਦਾ।' ਇਹ ਫੁਕਰੇਬਾਜੀ ਨਹੀਂ ਤਾਂ ਹੋਰ ਕੀ ਹੈ। ਇਹੀ ਰੁਝਾਨ ਸਾਡੀ ਨੌਜਵਾਨ ਪੀੜ੍ਹੀ ਅਤੇ ਸਾਡੇ ਸੈਂਕੜੇ ਨਹੀਂ ਹਜ਼ਾਰਾਂ ਗਾਇਕਾਂ ਵਿੱਚ ਪਾਇਆ ਜਾ ਰਿਹਾ ਹੈ। ਅਫਸੋਸ ਇਸ ਗੱਲ ਦਾ ਹੈ ਕਿ **ਇਸ ਰੁਝਾਨ ਨੇ ਪੰਜਾਬੀਆਂ ਨੂੰ ਬਰਬਾਦੀ ਦੇ ਰਾਹ ਤੋਰ ਦਿੱਤਾ ਹੈ। ਝੂਠੀ ਹਉਮੈ ਦੀ ਪੂਰਤੀ ਲਈ ਜਦੋਂ ਜ਼ਮੀਨਾਂ ਗਹਿਣੇ ਰੱਖਕੇ ਕਰਜ਼ੇ ਲਏ ਜਾਂਦੇ ਹਨ ਤਾਂ ਬਰਬਾਦੀ ਹੋਣੀ ਤਾਂ ਸੁਭਾਵਿਕ ਹੈ।** ਆਓ! ਅਸੀਂ ਇਕ ਮੁਹਿੰਮ ਚਲਾਈਏਂ ਅਤੇ ਸਾਦੇ ਵਿਆਹ ਤੇ ਸਾਦੇ ਭੋਗ ਨੂੰ ਉਤਸ਼ਾਹਿਤ ਕਰੀਏ। ਇਸ ਪਾਸੇ ਸਾਰੇ ਧਾਰਮਿਕ ਅਤੇ ਸਮਾਜਿਕ ਲੀਡਰਾਂ ਨੂੰ ਅੱਗੇ ਲਾਉਣਾ ਚਾਹੀਦਾ ਹੈ। ਸਾਡੇ ਨੌਜਵਾਨ ਇਸ ਗੱਲ ਦਾ ਪ੍ਰਚਾਰ ਕਰਨ 'ਸਾਦੇ ਵਿਆਹ, ਸਾਦੇ ਭੋਗ, ਨਾ ਕਰਜ਼ਾ, ਨਾ ਚਿੰਤਾ ਰੋਗ' ਤਾਂ ਸ਼ਾਇਦ ਪੰਜਾਬ ਦਾ ਕੁੱਝ ਭਲਾ ਹੋਵੇ।

(ਧੰਨਵਾਦ ਸਹਿਤ - ਪੰਜਾਬ ਟਾਈਮਜ਼)

**ਨਾ ਤਰਸਾਏ ਜੀਉ**

ਵੱਡੇ ਲੋਕਾਂ ਨੂੰ ਵੱਡੇ ਪੈਲਸਾਂ ਵਿਚ ਬੱਚਿਆਂ ਦੇ ਵਿਆਹ ਕਰਦਿਆਂ ਵੇਖ ਕੇ ਅਸੀਂ ਫਰੀਦ ਜੀ ਦਾ ਇਹ ਉਪਦੇਸ਼ ਯਾਦ ਰੱਖੀਏ-

**ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥**
**ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥** (ਅੰਗ - 1379)

ਜੇ ਵੱਡਿਆਂ ਦੀ ਰੀਸ ਕੀਤੀ ਤਾਂ ਫਿਰ ਪਛਤਾਵਾ ਹੀ ਪਲੇ ਪਊ। ਨਾਲੇ ਕਹਿੰਦੇ ਹਨ ਵਿਆਹਾਂ ਤੇ ਵਿਖਾਵਾ ਦਿਨ ਚਾਰ ਦਾ, ਕਰਜਾ ਤੇ ਪਛਤਾਵਾ ਭਰ ਉਮਰ ਦਾ।

ਅੱਜ ਬਹੁਤ ਲੋਕ ਇਹ ਗੱਲਾਂ ਕਰਦੇ ਸੁਣੇ ਜਾਂਦੇ ਹਨ ਕਿ ਅਸੀਂ ਐਵੇਂ ਹੀ ਆਪਣੇ ਮੁੰਡੇ/ ਕੁੜੀ ਦੇ ਵਿਆਹ ਤੇ ਫਜ਼ੂਲ ਖਰਚੀ ਕੀਤੀ। ਉਦੋਂ ਸਮਝ ਨਹੀਂ ਸੀ , ਜਿਵੇਂ ਕਿਸੇ ਕਿਹਾ ਅਸੀਂ ਕਰਨ ਲਗ ਪਏ। ਸਾਦਾ ਵਿਆਹ ਕੀਤਾ ਹੁੰਦਾ ਤਾਂ ਅੱਜ ਐਨੇ ਔਖੇ ਨਾ ਹੁੰਦੇ। ਦੋ-ਚਾਰ ਦਿਨਾਂ ਵਿਚ ਹੀ ਸਾਰੀ ਉਮਰ ਦੀ ਇੱਕਠੀ ਕੀਤੀ ਕਮਾਈ ਉੱਡਾ ਦੇਣੀ ਕੋਈ ਸਿਆਣਪ ਨਹੀਂ ਹੈ।

**ਭੋਗਾਂ / ਵਿਆਹਾਂ ਤੇ ਵੱਡੇ- ਵੱਡੇ ਇੱਕਠ ਕਰਨੇ**
**ਝੂਠਾ ਡੰਫ ਹੈ, ਝੂਠਾ ਪਾਸਾਰਾ ਹੈ।**

**ਪ੍ਰਣ ਕਰੀਏ...**
**ਵਿਆਹਾਂ ਤੇ ਸੂਟ ਨਹੀਂ ਲਵਾਂਗੇ, ਨਹੀਂ ਦੇਵਾਂਗੇ।**

# ਫਜ਼ੂਲ ਖਰਚਿਆਂ ਤੋਂ ਸੰਭਲੋ

**– ਮਾ: ਰਾਜ ਸਿੰਘ ਬਧੌਛੀ**

ਕਿਸਾਨ ਵੀਰੋ! ਆਪਣਾ ਸਿਰ ਆਪ ਗੁੰਦਣ ਦਾ ਚੱਜ ਸਿੱਖੀਏ। ਫਜ਼ੂਲ ਖਰਚੀ ਤੋਂ ਬਚੀਏ। ਝੂਠੀ ਸ਼ੌਹਰਤ, ਵਿਖਾਵੇਬਾਜ਼ੀ ਤੋਂ ਬਾਹਰ ਨਿਕਲੀਏ। ਖੂਨ-ਪਸੀਨੇ ਦੀ ਕਮਾਈ ਦੀ ਸਹੀ ਵਰਤੋਂ ਕਰੀਏ। ਵਿਆਹਾਂ ਉੱਤੇ ਹੁੰਦੀ ਫਜ਼ੂਲ ਖਰਚੀ ਨੂੰ ਸ਼ਿੱਦਤ ਨਾਲ ਰੋਕੀਏ ਗੁਰੂ ਸਾਹਿਬ ਦੀ ਅਨੰਦ ਕਾਰਜ ਦੀ ਬਖਸ਼ਿਸ਼ ਰਸਮ ਵਿਆਹੁਤਾ ਜੋੜੀ ਦਾ ਅਨੰਦਤ ਜੀਵਨ ਵੱਲ ਜਾਣ ਦਾ ਰਾਹ ਹੋਵੇ। **ਹਰ ਕਿਸਾਨ ਹੈਸੀਅਤ ਮੁਤਾਬਿਕ (ਬਿਨਾਂ ਕਰਜ਼ਾ ਚੁੱਕਦਿਆਂ) ਖਰਚ ਕਰੇ। ਖਾਣਾ ਸਾਦਾ ਤੇ ਪੌਸ਼ਟਿਕ ਹੋਵੇ।** ਭਾਈਚਾਰੇ ਦੇ ਨੌਜਵਾਨ ਹੀ ਖਾਣਾ ਪਰੋਸਣ ਦੀ ਜ਼ਿੰਮੇਵਾਰੀ ਲੈਣ। ਬਾਕੀ ਦੀਆਂ ਰਸਮਾਂ ਸਿਰਫ ਘਰ ਦੇ ਬੰਦੇ ਆਪਸ ਵਿਚ ਬੈਠ ਕੇ ਨਿਭਾਉਣ ਨਾ ਕਿ ਹੁਣ ਵਾਂਗ ਕੁੜੀ ਵਾਲੇ ਦੇ ਕਈ-ਕਈ ਬਰਾਤੀਏ ਲਿਜਾ ਕੇ ਉਸ ਦਾ ਕਚੂਮਰ ਕੱਢਣ। ਆਪਸ ਵਿਚ ਬੈਠ ਖੁਸ਼ੀ ਸਾਂਝੀ ਕੀਤੀ ਜਾਵੇ। **ਸਾਰੀ ਕੀਤੀ ਬੱਚਤ ਦਾ ਪੈਸਾ ਨਵਵਿਆਹੁਤਾ ਜੋੜੀ ਦੇ ਜੀਵਨ ਨਿਰਬਾਹ ਲਈ ਸੁਚੱਜੀ ਵਰਤੋਂ ’ਚ ਲਿਆਂਦਾ ਜਾਵੇ।**

ਇਸੇ ਤਰ੍ਹਾਂ ਬਜ਼ੁਰਗਾਂ ਦੇ ਮਰਗ ਦੇ ਭੋਗਾਂ ’ਤੇ ਦਾਲ-ਫੁਲਕਾ ਬਣਾ ਕੇ ਗੁਰੂ-ਘਰਾਂ ’ਚ ਪੰਗਤ ’ਚ (ਗੁਰੂ ਸਾਹਿਬ ਦੀ ਤੋਰੀ ਰੀਤ) ਮੁਤਾਬਿਕ ਛਕਾਇਆ ਜਾਵੇ। ਇਹ ਰਵਾਇਤ ਹੀ ਚਲਾਈ ਜਾਵੇ, ਜਿਸ ਨਾਲ ਪਿੰਡਾਂ ’ਚ ਭਾਈਚਾਰਕ ਸਾਂਝ ਤੇ ਮਦਦ ਦੀਆਂ ਗੰਢਾਂ ਮਜ਼ਬੂਤ ਹੋਣ। ਇਸ ਤਰ੍ਹਾਂ ਕਰਜ਼ੇ ਦੇ ਡੰਗ ਤੋਂ ਬਚਿਆ ਜਾ ਸਕਦਾ ਹੈ। **ਥੋੜ੍ਹੇ ਕਰਜ਼ੇ ਨੂੰ ਵੀ ਵੱਡਾ ਕਰਕੇ ਦੇਖਿਆ ਜਾਵੇ। ਕਈ ਕਿਸਾਨ ਵੀਰ ਤਾਂ ਬੈਂਕਾਂ ਆਦਿ ਤੋਂ ਮਿਲਿਆ ਕਰਜ਼ਾ ਮੁਫਤ ’ਚ ਮਿਲੇ ਪੈਸੇ ਹੀ ਸਮਝਦੇ ਹਨ।** ਉਹ ਉਸ ਨੂੰ ਵਿਆਜ ਸਮੇਤ ਮੋੜਨ ਦੀ ਪ੍ਰਕਿਰਿਆ ’ਚ ਲੈਂਦੇ ਹੀ ਨਹੀਂ।

ਜੇਕਰ ਕੋਈ ਕਿਸਾਨ ਉਦਾਸੀ ਰੋਗ ਦਾ ਸ਼ਿਕਾਰ ਹੋ ਜਾਵੇ, ਜਿਹੜਾ ਖੁਦਕੁਸ਼ੀ ਤੋਂ ਪਹਿਲਾਂ ਆਉਂਦਾ ਹੈ, ਉਸ ਨੂੰ ਮਨੋਰੋਗਾਂ ਦੇ ਸਰਕਾਰੀ ਹਸਪਤਾਲ ਤੋਂ ਦਿਖਾ ਕੇ ਦਵਾਈ ਵਗੈਰਾ ਡਾਕਟਰ ਦੀ ਸਲਾਹ ਮੁਤਾਬਿਕ ਦਿਵਾਉਣੀ ਚਾਹੀਦੀ ਹੈ। ਇਸ ਨਾਲ ਖੁਦਕੁਸ਼ੀ ਤੋਂ ਬਚਿਆ ਜਾ ਸਕਦਾ ਹੈ। ਆਓ ਸਾਰੇ ਕਿਸਾਨ ਵੀਰ ਖੁਦ ਸੰਭਲਣ ਦੀ ਕੋਸ਼ਿਸ਼ ਕਰੀਏ ਅਤੇ ਆਪ ਹੀ ਇਸ ਕਰਜ਼ੇ ਦੇ ਮੱਕੜਜਾਲ ਤੋਂ ਆਪਣੇ-ਆਪ ਨੂੰ ਬਚਾਈਏ।

(ਧੰਨਵਾਦ ਸਹਿਤ - ਅਜੀਤ)

# ਧੁੰਦਲੇ ਰਿਵਾਜ; ਉੱਜਲੇ ਬਿਊਟੀ ਪਾਰਲਰ

**– ਸ਼ਾਲਿਨੀ ਸ਼ਰਮਾ ਅਤੇ ਅਮਨਪ੍ਰੀਤ ਕੌਰ**

ਸਮਾਜ ਵਿਗਿਆਨ ਵਿਭਾਗ, ਪੀ.ਏ.ਯੂ.

ਪੰਜਾਬੀ ਵਿਆਹ, ਪੰਜਾਬੀ ਸੱਭਿਆਚਾਰ ਦੀ ਇੱਕ ਵਿੱਲਖਣ ਝਲਕ ਪੇਸ਼ ਕਰਦੇ ਹਨ। ਵਿਆਹਾਂ ਨਾਲ ਜੁੜੇ ਰੀਤੀ-ਰਿਵਾਜ਼, ਗਾਣੇ-ਸੰਗੀਤ, ਲੋਕ ਨਾਚ, ਭੋਜਨ, ਪਹਿਰਾਵਾ ਇੱਕ ਉੱਤਮ ਪੰਜਾਬੀ ਸੱਭਿਆਚਾਰ ਦੀ ਤਰਜਮਾਨੀ ਕਰਦੇ ਹਨ। ਪੁਰਾਤਨ ਪੰਜਾਬੀ ਸੱਭਿਆਚਾਰ ਵਿੱਚ ਵਿਆਹ, ਰਿਸ਼ਤੇਦਾਰਾਂ ਅਤੇ ਸਾਰੇ ਪਿੰਡ ਵਾਸੀਆਂ ਲਈ ਪੰਜ ਤੋਂ ਸੱਤ ਦਿਨ ਤੱਕ ਜਸ਼ਨ ਮਨਾਉਣ ਦਾ ਮੌਕਾ ਹੁੰਦਾ ਸੀ। ਸਾਰੇ ਆਪਸ ਵਿੱਚ ਰਲ ਮਿਲ ਕੇ ਗੀਤ-ਗਾਉਂਦੇ, ਨੱਚਦੇ ਟੱਪਦੇ ਅਤੇ ਖਾਂਦੇ ਪੀਂਦੇ ਵਿਆਹ ਦੇ ਸਾਰੇ ਕੰਮ ਨੇਪਰੇ ਚਾੜ੍ਹਦੇ ਸਨ।ਪਰ ਹੁਣ ਆਧੁਨਿਕੀਕਰਨ ਕਾਰਣ ਹੋਈ ਆਰਥਿਕ ਤਰੱਕੀ ਦੇ ਸਿੱਟੇ ਵਜੋਂ ਲੋਕਾਂ ਦੀ ਭੌਤਿਕਵਾਦੀ ਸੋਚ ਅਤੇ ਨਵੀਨ ਤੈਕਨਾਲਜੀ (ਇੰਟਰਨੈੱਟ, ਮੋਬਾਇਲ ਅਤੇ ਕੇਬਲ) ਕਾਰਣ ਇਹਨਾਂ ਜਸ਼ਨਾਂ ਵਿੱਚ ਵੱਡਾ ਬਦਲਾਅ ਆਇਆ ਹੈ।

ਵਿਆਹ ਨਾ ਸਿਰਫ਼ ਇੱਕ ਵਿਖਾਵੇ ਦਾ ਜਰੀਆ ਬਣ ਚੁੱਕੇ ਹਨ ਬਲਕਿ ਪੇਂਡੂ ਸਮਾਜ ਖਾਸ ਤੌਰ ਤੇ ਕਿਸਾਨੀ ਤੇ ਇੱਕ ਵੱਡਾ ਆਰਥਿਕ ਬੋਝ ਵੀ ਪਾ ਰਹੇ ਹਨ।ਇਸ ਵਿਖਾਵੇਬਾਜੀ ਤੇ ਹੋਣ ਵਾਲੇ **ਫ਼ਜ਼ੂਲ ਖਰਚੇ ਵਿੱਚ ਇੱਕ ਵੱਡਾ ਹਿੱਸਾ ਬਿਊਟੀ ਪਾਰਲਰਾਂ** ਵੱਲ ਜਾਂਦਾ ਹੈ। ਮੁੱਢ ਤੋਂ ਹੀ ਵਿਆਹ ਦੇ ਮੌਕੇ ਤੇ ਸੋਹਣਾ ਦਿੱਖਣ ਲਈ ਕੋਸ਼ਿਸ਼ਾਂ ਹੁੰਦੀਆਂ ਰਹੀਆਂ ਹਨ।ਪਰ ਪੁਰਾਣੇ ਸਮੇਂ ਵਿੱਚ ਘਰੇਲੂ ਪੱਧਰ ਤੇ ਕੁਦਰਤੀ ਸਾਧਨਾਂ ਨਾਲ ਇਹਨਾਂ ਨੂੰ ਕੁਝ ਰਵਾਇਤਾਂ ਅਤੇ ਰਸਮਾਂ ਰਾਹੀਂ ਸਿਰਜਿਆ ਜ਼ਾਂਦਾ ਸੀ। **ਪਿਛਲੇ ਕੁਝ ਸਮੇਂ** ਤੋਂ ਨਾ ਕੇਵਲ **ਸ਼ਹਿਰੀ ਬਲਕਿ ਪੇਂਡੂ ਤਬਕੇ ਦਾ ਰੁਝਾਨ ਬਿਊਟੀ ਪਾਰਲਰਾਂ ਵੱਲ ਵੱਧਦਾ** ਜਾ ਰਿਹਾ ਹੈ।

ਅੱਜ ਕਲ ਸੁਹੱਪਣ ਵਧਾਉਣ ਲਈ ਬਹੁਰਾਸ਼ਟਰੀ ਕੰਪਨੀਆਂ ਦੁਆਰਾ ਬਣਾਏ ਗਏ ਕਈ ਕਿਸਮ ਦੇ ਸੁੰਦਰਤਾ ਉਤਪਾਦ ਬਜ਼ਾਰ ਵਿੱਚ ਉਪਲੱਬਧ ਹਨ। ਨਫ਼ਾ ਕਮਾਉਣ ਲਈ ਇਹ ਕੰਪਨੀਆਂ ਕਈ ਹੱਥਕੰਡੇ ਅਪਣਾਉਂਦੀਆ ਹਨ ਜਿਵੇਂ ਕਿ ਇਸ਼ਤਿਹਾਰਾਂ ਰਾਹੀਂ ਫਿਲਮੀ ਕਲਾਕਾਰਾਂ ਵਲੋਂ ਇਨ੍ਹਾਂ ਉਤਪਾਦਾਂ ਦੀ ਵਰਤੋਂ ਕਰਕੇ ਗੋਰੇ ਹੋਣ ਦੇ ਦਾਵੇ ਅਤੇ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ ਤੇ ਕਰਵਾਏ ਜਾਂਦੇ ਸੁੰਦਰਤਾ ਮੁਕਾਬਲੇ। ਇਨ੍ਹਾਂ ਹਥਕੰਡਿਆਂ ਰਾਹੀਂ ਇਹ ਕਪੰਨੀਆ ਸਰੀਰਕ ਸੁੱਹਪਣ ਦਾ ਸੁਪਨਾ ਵੇਚ ਰਹੀਆਂ ਹਨ ਜੋ ਅੱਜ ਹਰ ਨੌਜਵਾਨ ਕਿਸੇ ਵੀ ਕੀਮਤ ਤੇ ਖਰੀਦਣ ਲਈ ਚਾਹਵਾਨ ਹੈ। ਉਪਰੋਂ ਜੇ ਮੌਕਾ ਵਿਆਹ ਦਾ ਹੈ ਤਾਂ ਇਹ ਨੌਜਵਾਨ ਸੋਹਣੇ ਲਗਣ ਲਈ ਵਿਤੋਂ ਬਾਹਰ ਖਰਚਣ ਲਈ ਤਿਆਰ ਰਹਿੰਦੇ ਹਨ।

ਕੇਵਲ ਵਿਆਹ ਦੇ ਮੌਕੇ ਤੇ ਨਹੀਂ ਸਗੋਂ ਵਿਆਹ ਤੋਂ ਪਹਿਲਾਂ ਹੋਣ ਵਾਲੀ ਹਰ ਰਸਮ ਤੇ ਬਿਊਟੀ ਪਾਰਲਰ ਤੋਂ ਤਿਆਰ ਹੋਣਾ ਲਾਜ਼ਮੀ ਹੋ ਗਿਆ ਹੈ। ਰਸਮ ਚਾਹੇ ਰੋਕੇ ਦੀ ਹੋਵੇ, ਮੰਗਣੀ ਦੀ, ਮਹਿੰਦੀ ਦੀ ਜਾਂ ਜਾਗੋ ਦੀ, ਉਸਦੀ ਤਿਆਰੀ ਵੀ ਬਿਊਟੀ ਪਾਰਲਰ ਜਾਏ ਬਿਨਾਂ ਸੰਭਵ ਨਹੀਂ ਹੈ। ਇਸ ਸਭ ਕੁਝ ਤੇ ਤਕਰੀਬਨ 20,000 - 30,000 ਰੁਪਏ ਦਾ ਖਰਚਾ ਆਉਂਦਾ ਹੈ। ਇਹ ਖਰਚਾ ਪਰਿਵਾਰ ਤੇ ਇੱਕ ਵਾਧੂ ਬੋਝ ਹੋ ਨਿਬੜਦਾ ਹੈ। ਇੱਥੇ ਹੀ ਬਸ ਨਹੀਂ, ਮੰਗਣੀ ਅਤੇ ਵਿਆਹ ਦੇ ਵਿਚਲੇ ਸਮੇਂ ਦੌਰਾਨ ਪ੍ਰੀ-ਬਰਾਈਡਲ (Pre-Bridal) ਦਾ ਭੂਤ ਸਵਾਰ ਰਹਿੰਦਾ ਹੈ। ਅਜੋਕੀ ਪੂੰਜੀਵਾਦ ਵਿਚਾਰਧਾਰਾ ਅਧੀਨ ਬਿਊਟੀ ਪਾਰਲਰਾਂ ਵੱਲੋਂ ਵੀ ਅਜਿਹੀ ਮਾਨਸਿਕਤਾ ਦਾ ਵਿਸਥਾਰ ਕੀਤਾ ਜਾ ਰਿਹਾ ਹੈ ਕਿ "ਪ੍ਰੀ-ਬਰਾਈਡਲ" ਤੋਂ ਬਿਨਾਂ ਤਾਂ ਵਿਆਹ ਸੰਭਵ ਹੀ ਨਹੀਂ ਹੈ। ਆਪਣਾ ਕਾਰੋਬਾਰ ਵਧਾਉਣ ਦੇ ਤਰੀਕਿਆਂ ਵਿੱਚੋਂ ਵਿਆਹ ਵਾਲੀਆਂ ਕੁੜੀਆਂ ਦੀ ਮਾਨਸਿਕਤਾ ਨੂੰ ਪ੍ਰਭਾਵਿਤ ਕਰਨ ਦਾ ਇਹ ਤਰੀਕਾ ਬਹੁਤ ਕਾਰਗਰ ਸਿੱਧ ਹੋ ਰਿਹਾ ਹੈ।

ਹਰ ਕੁੜੀ ਆਪਣੇ ਵਿਆਹ ਦੇ ਦਿਨ ਬਹੁਤ ਖ਼ੁਬਸੂਰਤ ਦਿਖਣਾ ਚਾਹੁੰਦੀ ਹੈ ਅਤੇ ਇਸੇ **ਮਾਨਸਿਕਤਾ ਦਾ ਫਾਇਦਾ ਇਹ ਕਾਰੋਬਾਰੀ ਲੋਕ ਚੁੱਕ** ਰਹੇ ਹਨ।ਕੁੜੀਆਂ ਹੀ ਨਹੀਂ ਅੱਜ ਤਾਂ ਮੁੰਡੇ ਵੀ ਬਿਊਟੀ ਪਾਰਲਰ ਜਾ ਕੇ ਆਪਣੀ ਸੁੰਦਰਤਾ ਵਧਾਉਣ ਦੇ ਤਰੀਕੇ ਅਜ਼ਮਾ ਰਹੇ ਹਨ। ਸਥਾਨਕ ਪਾਰਲਰਾਂ ਵਿੱਚ ਇਹ ਖਰਚਾ 5000-10,000 ਹਜ਼ਾਰ ਰੁਪਏ ਕਰੀਬ ਹੈ ਜਦੋਂਕਿ ਸ਼ਹਿਰਾਂ ਵਿੱਚ ਵਧੀਆ ਮਹਿੰਗੇ ਬਰੈਂਡਿਡ ਪਾਰਲਰਾਂ ਦਾ ਇਹ ਖਰਚਾ 50,000 ਰੁਪਏ ਦੇ ਕਰੀਬ ਹੈ।

ਪੁਰਾਣੇ ਪੰਜਾਬੀ ਰਿਵਾਜ਼ ਜਿਵੇਂ "ਵਟਨਾ ਮਲਣਾ", ਸਿਰ ਤੇਲ ਪਾਉਣਾ, ਨ੍ਹਾਈ ਧੋਈ ਆਦਿ ਹਰ ਤਰ੍ਹਾਂ ਨਾਲ ਵਿਆਹੰਦੜ ਮੁੰਡੇ ਅਤੇ ਕੁੜੀਆਂ ਦੀ ਸੁੰਦਰਤਾ ਨਿਖਾਰਨ ਦੇ ਸਾਧਨ ਸਨ। ਵਿਆਹ ਤੋਂ ਹਫ਼ਤਾ ਕੁ ਪਹਿਲਾਂ ਕੁੜੀ ਮੁੰਡੇ ਦੇ ਵਟਨਾ ਮਲਣਾ ਉਹਨਾਂ ਦੀ ਚਮੜੀ ਨਿਖਾਰਦਾ ਅਤੇ ਸਿਰ 'ਚ ਤੇਲ ਪਾਉਣਾ ਵਾਲਾਂ ਨੂੰ ਮੁਲਾਇਮ ਬਣਾਉਂਦਾ ਸੀ ਪਰ ਹੁਣ ਇਹਨਾਂ ਰਿਵਾਜਾਂ ਦਾ ਮਹੱਤਵ ਬਹੁਤ ਘੱਟ ਗਿਆ ਹੈ। ਇਹ ਰਿਵਾਜ਼ ਸਿਰਫ ਵਿਆਹ ਦੀ ਮੂਵੀ/ ਫ਼ਿਲਮ ਬਣਾਉਣ, ਫੋਟੋ ਖਿੱਚਵਾਉਣ ਤੱਕ ਹੀ ਸੀਮਤ ਰਹਿ ਗਏ ਹਨ। **ਅੱਜ ਕੱਲ ਵਿਆਹੁਦੜ ਮੁੰਡਾ ਕੁੜੀ ਰਸਮਾਂ ਦੌਰਾਨ ਆਪਣ ਮੂੰਹ, ਵਾਲਾਂ ਆਦਿ ਤੇ ਵਟਣਾ ਲਾਉਣ ਹੀ ਨਹੀਂ ਦਿੰਦੇ ਕਿਉਂਕਿ ਉਹਨਾ ਮੁਤਾਬਿਕ ਇਸ ਨਾਲ ਉਹਨਾਂ ਵੱਲੋਂ ਪ੍ਰੀ-ਬਰਾਈਡਲ ਉਤੇ ਖਰਚੇ ਹਜ਼ਾਰਾਂ ਰੁਪਏ ਮਿੱਟੀ** ਵਿੱਚ ਮਿਲ ਜਾਣਗੇ। ਉਹਨਾਂ ਨੂੰ ਲਗਦਾ ਹੈ ਕਿ ਬਿਊਟੀ ਪਾਰਲਰ ਜਾਂ ਕੇ ਪਾਈ ਸੁੰਦਰਤਾ ਕਿਤੇ ਖਰਾਬ ਨਾ ਹੋ ਜਾਵੇ। ਅਕਸਰ ਦੇਖਣ ਵਿੱਚ ਆਇਆ ਹੈ ਕਿ ਵਿਆਹ ਤੋਂ ਪਹਿਲਾਂ ਕੁੜੀਆਂ ਨੂੰ ਮੂੰਹ ਤੇ ਦਾਗ-ਫਿਨਸੀਆਂ ਜਾਂ ਦਾਣੇ ਨਿਕਲ ਆਉਂਦੇ ਹਨ, ਜੋ

ਕਿ ਡਾਕਟਰਾਂ ਅਨੁਸਾਰ ਹਾਰਮੋਨਜ਼ ਦੇ ਬਦਲਾਅ ਕਾਰਨ ਹੁੰਦੇ ਹਨ ਪਰ ਪਾਰਲਰ ਇਸ ਚੀਜ਼ ਦਾ ਵੀ ਪੂਰਾ-ਪੂਰਾ ਫਾਇਦਾ ਚੁੱਕਦੇ ਹੋਏ, ਇਹਨਾਂ ਨੂੰ ਬਿਲਕੁਲ ਠੀਕ ਕਰਨ ਦੇ ਦਾਵੇ ਕਰਕੇ ਮੋਟੇ ਪੈਸੇ ਕਮਾਉਦੇਂ ਹਨ। ਦੇਖਣ ਵਿੱਚ ਆਇਆ ਹੈ ਕਿ ਬਹੁਤੀ ਵਾਰ ਚਿਹਰਾ ਪਹਿਲਾਂ ਨਾਲੋਂ ਹੋਰ ਖਰਾਬ ਹੋ ਜਾਂਦਾ ਹੈ।

**ਪਹਿਲਾਂ ਵਿਆਹ** ਵਾਲੇ ਘਰਾਂ ਵਿੱਚ ਔਰਤਾਂ ਇੱਕਠੀਆਂ ਹੋ **ਨੱਚ ਗਾ ਕੇ ਰੌਣਕ** ਲਾਉਂਦੀਆਂ ਅਤੇ **ਸੌ-ਸੌ ਸ਼ਗਨ ਮਨਾਉਂਦੀਆਂ** ਸਨ **ਪਰ ਹੁਣ** ਇਹਨਾਂ ਮੌਕਿਆਂ ਤੇ ਵਿਹੜੇ ਸੁੰਨੇ ਹੁੰਦੇ ਹਨ ਤੇ ਘਰ ਦੀਆਂ **ਸਾਰੀਆਂ ਔਰਤਾਂ ਪਾਰਲਰਾਂ ਵਿੱਚ ਤਿਆਰ** ਹੋਣ ਗਈਆਂ ਹੁੰਦੀਆਂ ਹਨ। ਇੱਧਰ ਮੁੰਡਾ ਸਿਹਰਾ ਬੰਦੀ ਹੋਣ ਦੀ ਉਡੀਕ ਕਰ ਰਿਹਾ ਹੁੰਦਾ ਹੈ ਅਤੇ ਓਧਰ ਉਸਦੀਆਂ ਭੈਣਾਂ ਗਾਇਬ ਹੁੰਦੀਆਂ ਹਨ। ਪੁੱਛਣ ਤੇ ਪਤਾ ਲੱਗਦਾ ਕਿ ਭੈਣਾਂ ਅਤੇ ਭਾਬੀਆਂ ਤਿਆਰ ਹੋ ਕੇ ਪਾਰਲਰ ਤੋਂ ਹੀ ਨਹੀਂ ਮੁੜੀਆਂ। ਕਈ ਵਾਰ ਤਾਂ ਲਾੜਾ ਸਿਹਰਾ ਬੰਦੀ ਅਤੇ ਸੁਰਮੇ ਦੀ ਰਸਮ ਤੋਂ ਬਿਨਾਂ ਹੀ ਘੋੜੀ ਚੜ੍ਹ ਜਾਂਦਾ ਹੈ। ਇਸ ਤਰ੍ਹਾਂ ਬਰਾਤ ਕੁੜੀ ਵਾਲਿਆਂ ਦੇ ਘਰ ਦੇਰ ਨਾਲ ਪਹੁੰਚਦੀ ਹੈ।ਗੱਲ ਇੱਥੇ ਹੀ ਖਤਮ ਨਹੀਂ ਅਗੇ ਲਾਵਾਂ ਲਈ ਕੁੜੀ ਦੀ ਉਡੀਕ ਹੋ ਰਹੀਂ ਹੁੰਦੀ ਹੈ ਤੇ ਉਹ ਵੀ ਪਾਰਲਰ ਤੋਂ ਨਹੀਂ ਆਈ ਹੁੰਦੀ।

ਹੋਰ ਵੀ ਹਾਸੋਹੀਣੀ ਗੱਲ ਇਹ ਹੈ ਕਿ **ਵਿਆਹ ਦੀ ਤਰੀਕ ਵੀ ਪਾਰਲਰ ਅਤੇ ਮੈਰਿਜ ਪੈਲਸਾਂ ਦੀ ਉਪਲੱਭਤਾ** ਨੂੰ ਦੇਖ ਕੇ ਹੀ ਰੱਖੀ ਜਾਂਦੀ ਹੈ। **ਇੱਕ ਦਿਨ ਦੀ ਖੂਬਸੂਰਤੀ ਲਈ ਹਜ਼ਾਰਾਂ ਰੁਪਏ ਖਰਚਣ ਦਾ ਕੀ ਫਾਇਦਾ?** ਚਿਹਰੇ ਤੇ ਕੀਤਾ ਇਹ ਹਾਰ ਸ਼ਿੰਗਾਰ ਉਤਾਰਨ ਲਈ ਘੰਟਿਆ ਬੱਧੀ ਸਮਾਂ ਲੱਗਦਾ ਹੈ ਅਤੇ ਕਈ ਵਾਰ ਇਹ ਚਿਹਰੇ ਤੇ ਮਾੜਾ ਪ੍ਰਭਾਵ ਵੀ ਛੱਡ ਜਾਂਦਾ ਹੈ।

ਵਿਆਹ ਦੇ ਦਿਨਾਂ ਵਿੱਚ ਬਿਊਟੀ ਪਾਰਲਰਾਂ ਤੇ ਭੀੜ-ਭੜੱਕਾ, ਉਡੀਕਾਂ, ਸੜਕਾਂ ਤੇ ਜਾਮ, ਕੁੜੀ - ਮੁੰਡੇ ਦੇ ਘਰਦਿਆਂ ਦਾ ਉਹਨਾਂ ਦੇ ਰਿਸ਼ਤੇਦਾਰਾਂ ਦੀ ਉਡੀਕ ਵਿੱਚ ਪ੍ਰੇਸ਼ਾਨ ਹੋਣਾ, ਆਦਿ ਇੱਕ ਦਿਨ ਦੇ ਸੁਹਪੱਣ ਦੀ ਮਾਨਸਿਕਤਾ ਵਿੱਚੋਂ ਹੀ ਉਪਜਿਆ ਹੈ। **ਵਿਆਹਾਂ ਤੇ ਹੋ ਰਹੇ ਖਰਚਿਆਂ ਦਾ ਇੱਕ ਵੱਡਾ ਹਿੱਸਾ ਸੋਹਣਾ ਦਿੱਖਣ ਦੀ ਕੋਸ਼ਿਸ਼ ਤੇ ਖਰਚ ਹੋ ਰਿਹਾ ਹੈ**। ਕਈ ਕੇਸਾਂ ਵਿੱਚ ਕੁੜੀਆਂ ਇਸ ਖਰਚੇ ਲਈ ਗਲਤ ਤਰੀਕਿਆਂ ਨਾਲ ਪੈਸੇ ਜਟਾਉਦੀਆਂ ਹਨ ਅਤੇ ਘਰਦਿਆਂ ਤੇ ਵਾਧੂ ਬੋਝ ਪਾਉਂਦੀਆਂ ਹਨ।

ਵਿਆਹ ਇੱਕ ਸ਼ਗਨਾਂ, ਖੁਸ਼ੀਆਂ ਖੇੜਿਆਂ ਵਾਲਾ ਮੌਕਾ ਹੁੰਦਾ ਹੈ, ਜਿਸਨੂੰ ਵਾਧੂ ਚਿੰਤਾਵਾਂ ਅਤੇ ਖਰਚਿਆਂ ਵਿੱਚ ਰੋਲਿਆ ਜਾ ਰਿਹਾ ਹੈ। **ਅੰਦਰੂਨੀ ਸੁਹੱਪਣ ਨੂੰ ਖੂੰਜੇ ਲਾ ਕੇ ਬਾਹਰੀ ਸੁਹੱਪਣ ਤੇ ਜ਼ੋਰ ਦਿੱਤਾ ਜਾ ਰਿਹਾ** ਹੈ। ਦਸੋ ਕਰਜ਼ਾ ਚੁੱਕ

ਕੇ ਘਰਦਿਆਂ ਨੂੰ ਤੰਗ ਕਰਕੇ ਕਿਹੜੀ ਸੁੰਦਰਤਾ ਵਧ ਸਕਦੀ ਹੈ? ਲੋੜ ਹੈ ਇਹਨਾਂ ਵਾਧੂ ਖਰਚਿਆਂ ਨੂੰ ਘਟਾਅ ਕੇ ਸਾਦੇ-ਵਿਆਹ ਕਰਨ ਦੀ ਅਤੇ ਪੁਰਾਤਨ ਰਸਮਾਂ ਅਤੇ ਰੀਤੀ-ਰਿਵਾਜਾਂ ਨੂੰ ਨਿਭਾਉਣ ਦੀ ਤਾਂ ਜੋ ਪੰਜਾਬ ਦੇ ਪਿਛੜੇ ਪੇਂਡੂ ਖੇਤਰਾਂ ਨੂੰ ਆਰਥਿਕ ਸੰਕਟ ਤੋਂ ਬਚਾਇਆ ਜਾ ਸਕੇ। ਇਸ ਦੇ ਨਾਲ ਹੀ ਲੋੜ ਹੈ ਆਪਣੇ ਅਮੀਰ ਪੰਜਾਬੀ ਸੱਭਿਆਚਾਰ ਨੂੰ ਸੰਭਾਲਣ ਦੀ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜੀਆਂ ਵੀ ਆਪਣੇ ਸੱਭਿਆਚਾਰ ਨਾਲ ਜੁੜੀਆਂ ਰਹਿਣ ਅਤੇ ਮਾਣ ਮਹਿਸੂਸ ਕਰ ਸਕਣ।

**ਆਉ ਪ੍ਰਣ ਕਰੀਏ ਕਿ ਵਿਆਹਾਂ ਵਿੱਚ ਬਿਊਟੀ ਪਾਰਲਰਾਂ ਦੀ ਇਸ ਮੰਹਿਗੀ ਕੜੀ ਨੂੰ ਤੋੜੀਏ ਅਤੇ ਆਪਣੇ ਰਸਮਾਂ ਭਰਪੂਰ ਸੱਭਿਆਚਾਰ ਨਾਲ ਜੁੜੀਏ।**

**ਵਿਆਹਾਂ ਸਮੇਂ ਨਕਦ ਸ਼ਗਨ**

ਵਿਆਹਾਂ ਸਮੇਂ ਨਕਦ ਸ਼ਗਨ ਦੇਣ ਦਾ ਰਿਵਾਜ਼ ਇਸ ਕਰਕੇ ਸ਼ੁਰੂ ਹੋਇਆ ਸੀ ਕਿ ਜਿਸ ਘਰ ਵਿਚ ਵਿਆਹ ਹੈ ਉਸ ਦੀ ਮਦਦ ਹੋ ਜਾਵੇ ਅਤੇ ਉਸ ਤੇ ਬੋਝ ਨਾ ਪਵੇ।

ਤੇ ਸਚਮੁਚ, ਹੁੰਦਾ ਵੀ ਇਉਂ ਹੀ ਸੀ ।ਬਜੁਰਗ ਦੱਸਦੇ ਹਨ ਕਿ ਸਾਰਿਆਂ ਵੱਲੋਂ ਪਾਈ ਜਾਂਦੀ ਥੋੜੀ-ਥੋੜੀ ਰਕਮ ਵਿਚ ਹੀ ਵਿਆਹ ਦੇ ਕੰਮ ਨੇਪਰੇ ਚੜ ਜਾਂਦੇ ਸੀ ਤੇ ਪਰਿਵਾਰ ਤੇ ਕੋਈ ਵਾਧੂ ਬੋਝ ਨਹੀਂ ਸੀ ਪੈਂਦਾ।

ਪਰ ਅੱਜਕਲ ਪਰਿਵਾਰ ਵਾਲੇ ਲੋੜ ਅਤੇ ਹੈਸੀਅਤ ਤੋਂ ਵੱਧ ਖਰਚ ਕਰਨ ਲਗ ਪਏ ਹਨ। ਅਮੀਰ ਦੀ ਰੀਸੀ ਗਰੀਬ ਵੀ ਬੇਲੋੜੇ ਖਰਚ ਕਰਨ ਲਗ ਪਏ ਹਨ ।ਇੰਝ ਉਹ ਵਿਆਹ ਉਪਰੰਤ ਕਰਜੇ ਦੇ ਬੋਝ ਥੱਲੇ ਦੱਬ ਜਾਂਦੇ ਹਨ।

ਹੁਣ ਇੱਕ ਹੋਰ ਵੱਧੀਆ ਰਿਵਾਜ ਬੜਾ ਪ੍ਰਚਲਿਤ ਹੋਣ ਲੱਗ ਪਿਆ ਹੈ ਕਿ ਰੱਜੇ ਹੋਏ ਪਰਿਵਾਰਾਂ ਨੇ ਕੈਸ਼ ਸ਼ਗਨ ਲੈਣਾ ਬੰਦ ਕਰ ਦਿੱਤਾ ਹੈ।ਹੁਣ ਤਾਂ ਸੱਦਾ ਪੱਤਰ ਦੇ ਥੱਲੇ ਹੀ ਲਿਖਿਆ ਹੁੰਦਾ ਹੈ- No Cash, No Costly gifts please. (ਕੋਈ ਕੈਸ਼ ਨਾ ਦੇਵੇ, ਨਾ ਕੋਈ ਮਹਿੰਗੇ ਗਿਫਟ ਦੇਵੇ)। ਪਰ ਬੜਾ ਜਿਗਰਾ ਚਾਹੀਦਾ ਹੈ ਸ਼ਗਨ ਨੂੰ ਨਾਹ ਕਰਨ ਲਈ। ਸਰਦੇ ਪੁੱਜਦੇ ਲੋਕ ਵੀ ਸ਼ਗਨ ਤੇ ਅੱਖ ਰੱਖਦੇ ਹਨ। ਬਿਜ਼ਨਸ ਵਾਲੇ ਇਸ ਰਾਹੀਂ ਕਾਲੀ ਰਕਮ ਨੂੰ ਚਿੱਟੀ ਕਰਦੇ ਹਨ। ਸੱਚ ਤਾਂ ਇਹ ਹੈ ਕਿ ਸਾਨੂੰ ਵਿਆਹਾਂ ਤੇ ਕੈਸ਼ ਸ਼ਗਨ ਦੇਣ ਨਾਲੋਂ ਹਸਪਤਾਲਾਂ ਵਿਚ ਪਏ ਮਰੀਜਾਂ ਨੂੰ ਕੈਸ਼ ਰਾਹੀਂ ਮਦਦ ਕਰਨੀ ਚਾਹੀਦੀ ਹੈ। ਜਦ ਵੀ ਕਿਸੇ ਲੋੜਵੰਦ ਦਾ ਹਾਲ ਪੁੱਛਣ ਜਾਈਏ ਕੁਝ ਨਾ ਕੁਝ ਕੈਸ਼ ਜ਼ਰੂਰ ਦੇ ਕੇ ਆਈਏ।

ਇਕ ਅੰਕਲ ਦੱਸਦੇ ਹਨ ਕਿ ਉਹ ਅਪਣੇ ਸਰਦੇ ਪੁਜਦੇ ਅਮੀਰ ਰਿਸ਼ਤੇਦਾਰਾਂ ਦੇ ਵਿਆਹ ਤੇ ਸ਼ਗਨ ਨਹੀਂ ਪਾਂਦੇ ਸਗੋਂ ਲੋੜਵੰਦਾਂ ਦੇ ਵਿਆਹ ਜਾਂ ਬਿਮਾਰੀ ਉੱਤੇ ਨੋਟਾਂ ਦਾ ਗੱਫਾ ਦੇ ਆਉਂਦੇ ਹਨ। ਇੰਝ ਆਪਣੇ ਤੇ ਬਿਨ੍ਹਾਂ ਕੋਈ ਆਰਥਿਕ ਬੋਝ ਪਾਏ ਉਹ ਅਮੀਰ ਦਾ ਪੈਸਾ ਗਰੀਬ ਕੋਲ ਪਹੁੰਚਾ ਦਿੰਦੇ ਹਨ ।ਸਚਮੁਚ ਇਹ ਇਕ ਚੰਗੀ ਸ਼ੁਰੂਆਤ ਹੈ ਸਾਨੂੰ ਸਭ ਨੂੰ ਅਜਿਹਾ ਉਪਰਾਲਾ ਕਰਨਾ ਚਾਹੀਦਾ ਹੈ।

# ਵਿਆਹ ਵਿੱਚ ਲੈਣ-ਦੇਣ ਦੀ ਪ੍ਰਥਾ

**ਡਾ. ਸਿਮਰਨ ਕੰਗ ਸਿੱਧੂ**
ਪ੍ਰੋਫੈਸਰ, ਸਮਾਜ ਵਿਗਿਆਨ

ਲੈਣ-ਦੇਣ ਸਮਾਜਿਕ ਜ਼ਿੰਦਗੀ ਦਾ ਇੱਕ ਅਹਿਮ ਨਿਯਮ ਹੈ ਜਿਸਦੇ ਅਧੀਨ ਸਮਾਜਿਕ ਰਿਸ਼ਤੇ ਪਸਰਦੇ ਹਨ। ਉਂਝ ਤਾ ਇੱਕ ਮਾਂ ਦੇ ਰਿਸ਼ਤੇ ਤੋਂ ਬਿਨ੍ਹਾਂ ਹਰ ਸਮਾਜਿਕ ਰਿਸ਼ਤਾ ਲੈਣ-ਦੇਣ ਉਤੇ ਹੀ ਨਿਰਭਰ ਹੈ, ਪਰ ਵਿਆਹ ਸ਼ਾਦੀ ਦੇ ਮੌਕੇ ਤੇ ਇਹ ਲੈਣ-ਦੇਣ ਦੀ ਪ੍ਰਕਿਰਿਆ ਇਕ ਵਿਰਾਟ ਰੂਪ ਧਾਰਣ ਕਰ ਲੈਂਦੀ ਹੈ। ਵਿਆਹ ਮੌਕੇ ਕਿਸੇ ਨੇ ਕੀ ਦਿੱਤਾ, ਕੀ ਲਿਆ, ਕੀ ਦੇਣਾ ਬਣਦਾ ਸੀ ਅਤੇ ਕੀ ਨਹੀਂ ਦਿੱਤਾ ਗਿਆ ਆਦਿ ਸਵਾਲਾਂ ਦੇ ਜਵਾਬ ਹੀ ਅੱਗੇ ਤੋਂ ਵਰਤਾਰੇ ਦਾ ਅਧਾਰ ਬਣਦੇ ਹਨ।

ਇਤਿਹਾਸ ਗਵਾਹ ਹੈ ਕਿ ਵਿਆਹ ਵਿਚ ਲੈਣ-ਦੇਣ ਦੀ ਇਹ ਪ੍ਰਥਾ ਵਿਆਹ ਦੀ ਸੰਸਥਾ ਜਿੰਨੀ ਹੀ ਪੁਰਾਤਨ ਹੈ। ਪ੍ਰਾਚੀਨ ਕਾਲ ਤੋਂ ਹੀ ਵਿਆਹ ਦੀ ਰਸਮ ਨੂੰ ਇੱਕ ਵੱਡਾ ਕਾਰਜ ਮੰਨਿਆ ਜਾਂਦਾ ਹੈ ਜੋ ਕਿ ਇੱਕਲੇ ਇੱਕ ਪਰਿਵਾਰ ਦੇ ਵਸੋਂ ਬਾਹਰਾ ਹੁੰਦਾ ਹੈ। ਇਸ ਲਈ ਸਾਰਾ ਭਾਈਚਾਰਾ ਮਿਲ ਜੁਲ ਕੇ ਆਪਣਾ ਯੋਗਦਾਨ ਪਾਉਂਦਾ ਹੋਇਆ ਇਸ ਕਾਰਜ ਨੂੰ ਨੇਪਰੇ ਚਾੜ੍ਹਦਾ ਹੈ। ਪਰਿਵਾਰ ਵੀ ਧੰਨਵਾਦੀ ਹੁੰਦਾ ਹੋਇਆਂ ਵਿਆਹ ਵਿਚ ਸ਼ਰੀਕ ਹੋਏ ਹਰ ਰਿਸ਼ਤੇਦਾਰ ਨੂੰ ਆਪਣੀ ਵਿੱਤ ਅਨੁਸਾਰ ਅਤੇ ਰਿਸ਼ਤੇ ਅਨੁਸਾਰ ਬਣਦਾ ਕਪੜਾ ਲੱਤਾ, ਗਹਿਣੇ, ਮਿਠਾਈਆਂ ਆਦਿ ਸ਼ਗਨ ਦੇ ਰੂਪ ਵਿੱਚ ਦਿੰਦਾ ਹੈ। ਇਹ ਸਿਲਸਿਲਾ ਪੀੜ੍ਹੀ ਦਰ ਪੀੜ੍ਹੀ ਚਲਦਾ ਆਇਆ ਹੈ ਅਤੇ ਅੱਜ ਵੀ ਕਾਇਮ ਹੈ।

ਪੁਰਾਤਨ ਕਾਲ ਵਿੱਚ ਸਾਧਨਾਂ ਅਤੇ ਸ੍ਰੋਤਾਂ ਦੀ ਘਾਟ ਕਾਰਣ ਲੈਣ-ਦੇਣ ਦਾ ਇਹ ਸਿਲਸਿਲਾ ਜਾਇਜ਼ ਸੀ, ਪਰ ਅੱਜ ਹਾਲਾਤ ਵੱਖਰੇ ਹਨ। ਅੱਜ ਸਾਡੇ ਕੋਲ ਤਕਨੀਕੀ ਸਿਖਿਆ ਦੇ ਪਸਾਰ ਕਾਰਣ ਹੋਂਦ ਵਿੱਚ ਆਏ ਆਧੁਨਿਕ ਸਾਧਨ ਵੀ ਹਨ ਅਤੇ ਇਨ੍ਹਾਂ ਸਾਧਨਾਂ ਨੂੰ ਪਾਉਣ ਦੇ ਸ੍ਰੋਤ ਵੀ ਹਨ। ਪਹਿਲਾਂ ਜਿੱਥੇ ਕੋਈ ਕਾਰਜ ਸੀਮਿਤ ਸਾਧਨਾਂ ਨਾਲ ਅਤੇ ਆਪ ਜਾਂ ਆਪਣਿਆਂ ਦੀ ਮਦਦ ਨਾਲ ਸੰਪੂਰਨ ਕੀਤਾ ਜਾਂਦਾ ਸੀ, ਉੱਥੇ ਹੁਣ ਮੁਹਾਰਤ ਅਨੁਸਾਰ ਨਵੀਆਂ-ਨਵੀਆਂ ਸੰਸਥਾਂਵਾਂਆ ਗਈਆਂ ਹਨ ਜਿਵੇਂ ਕਿ ਬਿਉਟੀ ਪਾਰਲਰ, ਡੈਕੋਰੇਟਰਜ਼, ਵੈਡਿੰਗ ਕੇਟਰਰਜ਼, ਡੀ.ਜੇ, ਆਰਕੈਸਟਰਾ, ਵੈਡਿੰਗ ਪਲੈਨਰਜ਼ ਅਤੇ ਬ੍ਰੈਂਡਿਡ ਕਪੜਿਆਂ ਦੀ ਸਿਲਾਈ ਆਦਿ। ਹੁਣ ਭਾਈਚਾਰੇ ਦੀ ਲੋੜ ਸਿਰਫ ਬਰਾਤੀ ਬਨਣ ਜਾਂ ਬਰਾਤੀਆਂ ਦੇ ਸਵਾਗਤ ਲਈ ਖੜ੍ਹੋਣ ਤੱਕ ਹੀ ਸੀਮਤ ਹੋ ਕੇ ਰਹਿ ਗਈ। ਹੋਣਾ ਤਾਂ ਇਹ ਚਾਹੀਦਾ ਸੀ ਕਿ ਵਿਆਹ ਦੀ ਇਹ ਰਸਮ ਲੈਣ-ਦੇਣ ਤੋਂ ਬਿਨਾਂ ਸੋਖੀ ਹੋ ਜਾਂਦੀ, ਪਰ ਉਲਟਾ ਇਹ ਹੋਰ ਗੁੰਝਲਦਾਰ ਅਤੇ ਵਿਸਥਾਰ ਰੂਪ ਧਾਰਣ ਕਰ ਚੁੱਕੀ ਹੈ। ਇਸ ਦਾ ਕਾਰਣ ਹੈ ਕਿ ਇੱਕ ਪਾਸੇ ਤਾ ਦੂਜਿਆਂ ਦੀ ਦੇਖੀ

ਅਸੀਂ ਨਵੀਆਂ ਰਸਮਾਂ ਅਪਨਾ ਲਈਆਂ ਹਨ ਅਤੇ ਦੂਜੇ ਪਾਸੇ ਪੁਰਾਣੀਆਂ ਅਰਥ ਗੁਆ ਚੁਕੀਆਂ ਰਸਮਾਂ (ਦੇਣ ਲੈਣ ਦੀ ਰਸਮ) ਨੂੰ ਵੀ ਨਹੀਂ ਛੱਡ ਰਹੇ।

ਛੱਡਣਾ ਤਾਂ ਕੀ ਸੀ ਸਗੋਂ ਵਿਆਹ ਮੌਕੇ ਲੈਣ-ਦੇਣ ਦੀ ਰਸਮ ਨੂੰ ਅਸੀਂ ਹੋਰ ਵੀ ਵਧਾ ਲਿਆ ਹੈ। ਪਹਿਲਾਂ ਲੜਕੀ ਵਾਲੇ ਰਸਮੀ ਤੌਰ ਤੇ ਧੀ ਦੇ ਸਹੁਰੇ ਪਰਿਵਾਰ ਨੂੰ ਹੈਸੀਅਤ ਅਨੁਸਾਰ ਕਪੜਾ, ਲੱਤਾ ਆਦਿ ਦੇ ਦਿੰਦੇ, ਪਰ ਅਜ ਇਹ ਲੈਣ ਦੇਣ ਮਹਿੰਗੇ ਕਪੜੇ, ਗਹਿਣੇ ਅਤੇ ਗੱਡੀਆਂ ਤਕ ਪੰਹੁਚ ਗਿਆ ਹੈ। ਵਿਆਹ ਤੋਂ ਪਹਿਲਾਂ ਹੀ ਲੜਕੇ ਦੇ ਪਰਿਵਾਰ ਵਾਲੇ ਬੇਝਿਝਕ ਦਹੇਜ਼ ਵਿੱਚ ਮੰਗੀਆਂ ਚੀਜ਼ਾਂ ਦੀ ਲਿਸਟ ਅਤੇ ਹੋਰ ਮੰਗਾਂ ਮਨਵਾਉਣ ਦੀ ਲਿਸਟ ਲੜਕੀ ਦੇ ਮਾਪਿਆ ਨੂੰ ਥਮਾ ਦਿੰਦੇ ਹਨ ਅਤੇ ਇਹ ਵੀ ਆਖ ਦਿੰਦੇ ਹਨ ਕਿ ਬਰਾਤ ਦੀ ਸੇਵਾ ਵਿੱਚ ਕੋਈ ਕਮੀ ਨਹੀਂ ਹੋਣੀ ਚਾਹੀਦੀ। ਵਿਚਾਰੇ, ਲੜਕੀ ਦੇ ਮਾਪੇ, ਮੰਗਾ ਪੂਰੀਆਂ ਕਰਨ ਲਈ ਹਰ ਹੀਲਾ ਕਰਦੇ ਹਨ ਭਾਵੇਂ ਉਨ੍ਹਾਂ ਨੂੰ ਵੱਧ ਵਿਆਜ 'ਤੇ ਕਰਜ਼ਾ ਹੀ ਕਿਉਂ ਨਾ ਚੁਕਣਾ ਪਵੇ। ਇਥੋਂ ਤਕ ਕਿ ਕਰਜ਼ਾ ਨਾ ਮੁੜਣ ਦੀ ਹਾਲਤ ਵਿੱਚ ਕਈ ਅਸਮਰਥੇ ਮਾਪੇ ਤਾਂ ਖੁਦਖੁਸ਼ੀ ਦੇ ਰਾਹ ਵੀ ਪੈ ਜਾਂਦੇ ਹਨ।

ਇੱਥੇ ਹੀ ਬਸ ਨਹੀਂ। ਲੱਖਾਂ ਰੁਪਏ ਖਰਚ ਕੇ ਜਿਹੜੇ ਕਪੜਿਆਂ ਅਤੇ ਗਹਿਣਿਆਂ ਦਾ ਅਦਾਨ ਪ੍ਰਦਾਨ ਵਿਆਹਾਂ ਵਿੱਚ ਹੁੰਦਾ ਹੈ ਉਨ੍ਹਾਂ ਨੂੰ ਵਰਤਿਆ ਹੀ ਨਹੀਂ ਜਾਂਦਾ, ਬਸ ਫੇਰ ਲੈਣ ਦੇਣ ਲਈ ਰੱਖ ਦਿੱਤਾ ਜਾਂਦਾ ਹੈ। ਅਸੀਂ ਸਭ ਜਾਣਦੇ ਹਾਂ ਕਿ ਮਿਲਣੀ ਵਿੱਚ ਮਿਲੀਆਂ ਮੁੰਦਰੀਆਂ ਅਸੀਂ ਕਿੰਨੀਆਂ ਕੁ ਵਰਤਦੇ ਹਾਂ। ਵਿਆਹਾਂ ਮੌਕੇ ਆਏ ਲੈਣ ਦੇਣ ਭਰੇ ਟੰਰਕ/ਪੇਟੀਆਂ 'ਦੇਣ' ਦੇ ਰੂਪ ਵਿੱਚ ਖਾਲੀ ਹੋ ਜਾਂਦੀਆਂ ਹਨ ਪਰ 'ਲੈਣ' ਦੇ ਰੂਪ ਵਿੱਚ ਫਿਰ ਭਰ ਜਾਂਦੀਆਂ ਹਨ। ਇਹ ਸਿਲਸਿਲਾ ਵਿਆਹ ਦਰ ਵਿਆਹ ਇਵੇਂ ਹੀ ਚਲਦਾ ਰਹਿੰਦਾ ਹੈ। ਅੱਜ ਸਾਡੇ ਹਰ ਘਰ ਵਿੱਚ ਇੱਕ ਪੇਟੀ/ਟੰਰਕ ਲੈਣ ਦੇਣ ਦੇ ਨਾਮ ਹੀ ਕੀਤੀ ਹੁੰਦੀ ਹੈ ਜੋ ਵਿਆਹ ਦੇ ਮੌਕੇ ਤੋਂ ਬਿਨ੍ਹਾਂ ਕਦੇ ਨਹੀਂ ਖੁਲ੍ਹਦੀ।

ਹੁਣ ਤੁਸੀਂ ਹੀ ਫੈਸਲਾ ਕਰੋ ਕਿ ਲੈਣ ਦੇਣ ਦੀ ਇਹ ਪਰੰਪਰਾ ਅੱਜ ਦੇ ਯੁਗ ਵਿੱਚ ਕਿੰਨੀ ਕੁ ਜਾਇਜ਼ ਹੈ? ਸਮਾਂ ਆ ਗਿਆ ਹੈ ਕਿ ਆਧੁਨਿਕ ਯੁੱਗ ਵਿੱਚ ਆਪਣੇ ਆਪ ਗੁਆ ਚੁੱਕੀ ਲੈਣ-ਦੇਣ ਦੀ ਇਹ ਰਸਮ ਨੂੰ ਅਸੀਂ ਅਲਵਿਦਾ ਕਹਿੰਦੇ ਹੋਏ ਸਾਦੇ ਵਿਆਹਾਂ ਲਈ ਹੁੰਗਾਰਾ ਭਰੀਏ। ਤੁਹਾਡਾ ਅੱਜ ਲਿਆ ਗਿਆ ਇਹ ਫੈਸਲਾ ਆਉਣ ਵਾਲੀਆਂ ਪੀੜ੍ਹੀਆਂ ਲਈ ਬਹੁਤ ਸਾਰਥਕ ਸਿੱਧ ਹੋ ਸਕਦਾ ਹੈ।

ਅਮੀਰ ਆਦਮੀ ਆਪਣੀ ਧੀ ਦਾ ਵਿਆਹ, ਆਪਣੀ ਪੂੰਜੀ ਦੇ ਨਿੱਕੇ ਜਿਹੇ ਹਿੱਸੇ ਨਾਲ ਕਰਦਾ ਹੈ ਪਰ ਆਮ ਆਦਮੀ ਆਪਣੇ ਜੀਵਨ ਭਰ ਦੀ ਕਮਾਈ ਲਾ ਦਿੰਦਾ ਹੈ, ਜਾਂ ਕਰਜ਼ੇ ਥੱਲੇ ਦੱਬ ਜਾਂਦਾ ਹੈ।

ਲਾਹਨਤ ਹੈ! ਧ੍ਰਿਗ ਹੈ! ਇਹ ਰੀਸ।

# ਸੱਦਾ ਪੱਤਰ (Invitation Card) ਹੁਣ ਵਾਟਸਐਪ ਰਾਹੀਂ

**ਸਤਿੰਦਰਜੀਤ ਕੌਰ**

ਗੁਰੂ ਨਾਨਕ ਗਰਲਜ਼ ਕਾਲਜ, ਲੁਧਿਆਣਾ

ਘਰ ਵਿਚ ਵਿਆਹ ਸਮੇਂ ਸੱਭ ਤੋਂ ਅਹਿਮ ਕੰਮ ਹੁੰਦਾ ਹੈ ਸੱਦਾ ਦੇਣ ਦਾ। ਪੁਰਾਤਨ ਸਮੇਂ ਵਿੱਚ ਇਹ ਪਰੰਪਰਾ ਪੰਜਾਬ ਵਿੱਚ **'ਸਾਹੇ ਚਿੱਠੀ'** ਦੇਣ ਦੇ ਰੂਪ ਵਿੱਚ ਪ੍ਰਚਲਿਤ ਸੀ। ਪਰ ਇਸ ਦਾ ਅਜੋਕਾ ਰੂਪ ਸੱਦਾ ਪੱਤਰ ਦੇ ਰੂਪ ਵਿੱਚ ਮਹਿੰਗੇ ਕਾਰਡਾਂ ਨੇ ਲੈ ਲਿਆ ਹੈ। ਸਾਹੇ ਚਿੱਠੀ ਵਿੱਚ ਰਿਸ਼ਤੇਦਾਰਾਂ ਨੂੰ ਵਿਆਹ ਦੀ ਤਰੀਕ, ਸਮਾਂ ਅਤੇ ਸਥਾਨ ਦੀ ਜਾਣਕਾਰੀ ਹੱਥ ਲਿਖਤ ਚਿੱਠੀ ਦੁਆਰਾ ਦਿੱਤੀ ਜਾਂਦੀ ਸੀ ਜਿਸ ਵਿੱਚ ਕਿ ਬੜੀ ਅਪੱਣਤ ਦੀ ਭਾਵਨਾ ਭਰੀ ਹੁੰਦੀ ਸੀ।

ਅੱਜ ਦੇ ਸਮੇਂ ਵਿੱਚ ਇਹ ਰਿਵਾਜ਼ ਬਣ ਗਿਆ ਹੈ ਕਿ ਮਹਿੰਗੇ ਤੋਂ ਮਹਿੰਗਾ ਕਾਰਡ ਛਾਪਿਆ ਜਾਵੇ। ਭਾਵੇਂ ਵਿਆਹ ਦੇ ਸੱਦਾ ਪੱਤਰ ਦੀ ਉਮਰ ਵਿਆਹ ਵਾਲੇ ਦਿਨ ਤੱਕ ਹੀ ਹੁੰਦੀ ਹੈ। ਪਰ ਫਿਰ ਵੀ ਇਸ ਲਈ ਕੀਮਤੀ ਅਤੇ ਵੱਧੀਆ ਕਾਗਜ਼ ਵਰਤਿਆ ਜਾਂਦਾ ਹੈ ਜੋ ਕਿ ਵਿਆਹ ਵਾਲੇ ਦਿਨ ਉਪਰੰਤ ਹੀ ਰੱਦੀ ਵਿੱਚ ਸੁੱਟ ਦਿੱਤਾ ਜਾਂਦਾ ਹੈ। ਹੁਣ ਤਾਂ ਕੇਵਲ ਸੱਦਾ ਪੱਤਰ ਹੀ ਨਹੀਂ ਪੰਜਾਬ ਅਤੇ ਉੱਤਰੀ ਭਾਰਤ ਵਿੱਚ ਮਠਿਆਈ ਦੇ ਡੱਬੇ ਵੀ ਵੰਡੇ ਜਾਂਦੇ ਹਨ। ਡੱਬੇ ਵੰਡਣ ਦਾ ਰਿਵਾਜ ਕੇਵਲ 30-35 ਸਾਲ ਪੁਰਾਣਾ ਹੀ ਹੈ। ਇਸ ਤੋਂ ਪਹਿਲਾਂ ਕੇਵਲ ਸੱਦਾ ਹੀ ਭੇਜਿਆ ਜਾਂਦਾ ਸੀ। ਕਿਹਾ ਇਹ ਵੀ ਜਾਂਦਾ ਹੈ ਕਿ ਡੱਬੇ ਵੰਡਣ ਦਾ ਮਤਲਬ ਹੈ ਕਿ ਵੱਧ ਤੋਂ ਵੱਧ ਲੋਕਾਂ ਦੇ ਇੱਕਠ ਨੂੰ ਯਕੀਨੀ ਬਨਾਉਣਾ ਕਿਉਂਕਿ ਡੱਬੇ ਦਾ ਮੁੱਲ ਤਾਰਨ ਭਾਵ ਸ਼ਗਨ ਦੇਣ ਲਈ ਸ਼ਰਮੋ-ਬੇਸ਼ਰਮੀ ਅਗਲਾ ਜ਼ਰੂਰ ਆਵੇਗਾ।

ਸ਼ੂਗਰ ਅਤੇ ਦਿਲ ਦੀਆਂ ਬਿਮਾਰੀਆਂ ਦੇ ਮਰੀਜ਼ ਪੰਜਾਬ ਵਿੱਚ ਬਹੁਤੇ ਡੱਬੇ ਘਰ ਵਿੱਚ ਕੰਮ ਕਰਦੀਆਂ ਮਾਈਆਂ ਨੂੰ ਹੀ ਚੁਕਾ ਦਿੱਤੇ ਜਾਂਦੇ ਹਨ। ਵਿਆਹ ਵਾਲਾ ਹਰ ਸਰਦਾ-ਪੁਜੱਦਾ ਪਰਿਵਾਰ ਇਸ ਦੌੜ ਤੇ ਹੋੜ ਵਿੱਚ ਹੈ ਕਿ ਉਹਨਾਂ ਦਾ ਸੱਦਾ ਪੱਤਰ ਮਹਿੰਗੇ ਤੋਂ ਮਹਿੰਗਾ ਹੋਵੇ। ਪਹਿਲਾਂ ਵਾਲਿਆਂ ਤੋਂ ਵਿਲੱਖਣ ਹੋਵੇ। ਕਈ ਅਮੀਰੜੇ ਤਾਂ ਕਾਰਡ ਦੇ ਨਾਲ ਦੋ-ਦੋ ਡੱਬੇ ਵੀ ਵੰਡਣ ਲੱਗ ਪਏ ਹਨ। ਮਹਿੰਗੇ ਸ਼ਨੀਲ ਦੇ ਕਪੜਿਆਂ ਅਤੇ ਪੋਟਲੀਆਂ ਵਿੱਚ ਸਜੇ ਹੋਏ ਇਹਨਾਂ ਡੱਬਿਆਂ ਦੀ ਪੈਕਿੰਗ ਦਾ ਮੁੱਲ ਕਈ ਵਾਰ ਵਿੱਚ ਪਾਈ ਮਠਿਆਈ ਨਾਲੋਂ ਵੀ ਵੱਧ ਹੁੰਦਾ ਹੈ।

ਪਰ ਸੱਭ ਕੁਝ ਮਾੜਾ ਨਹੀਂ। ਸਮੇਂ ਨਾਲ ਵਿਆਹ ਦੇ ਸੱਦਾ ਪੱਤਰਾਂ ਵਿੱਚ ਵੀ ਸੁਧਾਰ ਆਉਣ ਲੱਗ ਪਿਆ ਹੈ। ਸਿਆਣੇ ਲੋਕਾਂ ਨੇ ਤਾਂ ਇਸ ਕਾਰਜ ਵਿੱਚ ਤਕਨਾਲੋਜੀ

ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਹੈ। ਇਹ ਲੋਕ ਮਹਿੰਗੇ ਕਾਰਡ ਛਾਪਣ ਨਾਲੋਂ ਕਾਰਡ ਦੇ ਵਿਚ ਲਿਖੀ ਜਾਣ ਵਾਲੀ ਜਾਣਕਾਰੀ ਤੇ ਨਿੱਘ ਭਰੇ ਸੱਦੇ ਨੂੰ ਦੇਣ ਲਈ ਨਵੇਂ ਸ਼ਬਦਾਂ ਤੇ ਵਾਕਾਂ ਦੀ ਭਾਲ ਤੇ ਵੱਧ ਸਮਾਂ ਲਗਾਂਦੇ ਹਨ। ਹੋਰ ਵਧੀਆ ਗੱਲ ਇਹ ਹੈ ਕਿ ਕਾਰਡ ਦਾ ਵਧੀਆ ਡਿਜ਼ਾਈਨ ਬਣਾ ਕੇ ਉਸ ਨੂੰ ਛਾਪਣ ਦੀ ਬਜਾਏ 'ਵਾਟਸਐਪ' ਤੇ ਹੀ ਭੇਜਣ ਲੱਗ ਪਏ ਹਨ। ਇੰਝ ਜਿਥੇ ਕੀਮਤੀ ਕਾਗਜ਼ ਦੀ ਬੱਚਤ ਹੁੰਦੀ ਹੈ ਉੱਥੇ ਸਾਡੇ ਵਾਤਾਵਰਣ ਦੀ ਸੰਭਾਲ ਵੀ ਹੁੰਦੀ ਹੈ। ਸੱਦਾ ਪੱਤਰ ਦਾ ਮਕਸਦ ਵਿਆਹ ਦਾ ਸਮਾਂ ਅਤੇ ਸਥਾਨ ਦੱਸਣਾ ਹੀ ਹੁੰਦਾ ਹੈ ਜੋ ਕਿ ਤਕਨਾਲੋਜੀ ਰਾਹੀਂ ਹੀ ਘਰ ਬੈਠਿਆਂ ਹੀ ਭੇਜਿਆ ਜਾ ਸਕਦਾ ਹੈ। ਹਾਂ, ਵਾਟਸਐਪ ਤੇ ਕਾਰਡ ਭੇਜਣ ਦੇ ਨਾਲ ਉਹ ਫੋਨ ਕਰਕੇ ਆਪਣੀਆਂ ਭਾਵਨਾਵਾਂ ਦਾ ਇਜ਼ਹਾਰ ਕਰਦੇ ਹਨ। ਇਸ ਤਰ੍ਹਾਂ ਕਿੰਨਾ ਹੀ ਪੈਟਰੋਲ ਬੱਚਦਾ ਹੈ। ਸੜਕਾਂ ਦੀ ਭੀੜ ਘੱਟਦੀ ਹੈ ਤੇ ਸਭ ਤੋਂ ਵੱਡੀ ਗੱਲ, ਵਿਆਹ ਵਾਲੇ ਘਰ ਦਾ ਸਮਾਂ ਬੱਚਦਾ ਹੈ।

ਕਈ ਕਹਿੰਦੇ ਹਨ ਕਿ ਜੇ ਵਾਟਸਐਪ ਤੇ ਕਾਰਡ ਭੇਜੋਗੇ ਤਾਂ ਲੋਕ ਆਉਣਗੇ ਹੀ ਨਹੀਂ ਅਤੇ ਵਾਟਸਐਪ ਤੇ ਹੀ ਸ਼ਗਨ ਵਾਲੇ ਨੋਟਾਂ ਦੀ ਫੋਟੋ ਖਿੱਚ ਕੇ ਤੁਹਾਨੂੰ ਭੇਜ ਦੇਣਗੇ। ਪਰ ਨਹੀਂ, ਐਸਾ ਕਰਨ ਵਾਲਾ ਕੋਈ ਵਿਰਲਾ ਹੀ ਹੋਵੇਗਾ। ਨਾਲੇ ਜੋ ਤੁਹਾਡੀ ਖੁਸ਼ੀ ਦਾ ਮਜ਼ਾਕ ਉਡਾਉਂਦਾ ਹੈ, ਉਸ ਨਾਲ ਪ੍ਰੇਮ ਰੱਖ ਕੇ ਕਰਨਾ ਵੀ ਕੀ? ਸੱਚ ਤਾਂ ਇਹ ਹੈ ਕਿ **ਵਾਟਸਐਪ ਰਾਹੀਂ ਕਾਰਡ ਭੇਜਣਾ ਲਗਾਤਾਰ ਪ੍ਰਚਲਿਤ ਹੋ ਰਿਹਾ ਹੈ। ਇਹ ਸਿਆਣੇ, ਜਾਗਰੂਕ ਅਤੇ ਅਗਾਂਹਵਧੂ ਮਨੁੱਖਾਂ ਦੀ ਪਛਾਣ ਬਣਦਾ ਜਾ ਰਿਹਾ ਹੈ।**

ਇੰਟਰਨੈੱਟ ਤੇ ਜੇ ਵਿਆਹ ਦੇ ਸੱਦਾ ਪੱਤਰਾਂ ਦੀ ਖੋਜ (search) ਕਰੀਏ ਤਾਂ ਇੱਕ ਹੋਰ ਨਵਾਂ ਤਰੀਕਾ ਵੇਖਣ ਨੂੰ ਮਿਲਦਾ ਹੈ। ਉਹ ਹੈ- ਨਿੱਕੇ ਨਿੱਕੇ ਵੀਡੀਓ ਕਲਿਪ। ਇਹਨਾਂ ਵਿੱਚ ਪਰਿਵਾਰ ਵਾਲਿਆਂ ਦੀਆਂ ਫੋਟੋਆਂ ਜਾਂ ਸੱਦਾ ਰਿਕਾਰਡ ਕਰਕੇ ਉਸਦੀ ਪਿੱਠਭੂਮੀ ਵਿੱਚ ਸੋਹਣਾ ਸੰਗੀਤ ਲਗਾ ਕੇ ਭੇਜਣ ਦਾ ਰਿਵਾਜ਼ ਵੀ ਵੱਧਦਾ ਜਾ ਰਿਹਾ ਹੈ।

ਵਾਟਸਐਪ ਰਾਹੀਂ ਸੱਦਾ ਭੇਜਣ ਵਾਲੇ ਜੇਕਰ ਮਠਿਆਈ ਦੇਣਾ ਚਾਹੁੰਦੇ ਹਨ ਤਾਂ ਉਹ ਆਏ ਮਹਿਮਾਨਾਂ ਨੂੰ ਵਿਆਹ ਦੇ ਮੌਕੇ ਹੀ ਵਾਪਿਸ ਜਾਣ ਲਗਿਆਂ ਮਠਿਆਈ ਦੇ ਡੱਬੇ ਫੜਾ ਦੇਂਦੇ ਹਨ। ਸੁਚੇਤ ਲੋਕ ਤਾਂ ਇਸ ਸਮੇਂ ਵੰਡੇ ਜਾਣ ਵਾਲੇ ਡੱਬਿਆਂ ਵਿੱਚ ਵੀ ਸਮਾਜ ਭਲਾਈ ਦਾ ਧਿਆਨ ਰੱਖਦੇ ਹਨ। ਪਿੱਛੇ ਜਿਹੇ ਲੁਧਿਆਣੇ ਇੱਕ ਅਨੰਦ ਕਾਰਜ ਸਮੇਂ ਪਰਿਵਾਰ ਵਾਲਿਆਂ ਨੇ ਪਿੰਗਲਵਾੜਾ, ਅੰਮ੍ਰਿਤਸਰ ਤੋਂ ਰੇਸ਼ਮੀ ਕਪੜੇ ਦੀਆਂ ਸੁੰਦਰ ਪੋਟਲੀਆਂ ਬਣਵਾ ਕੇ ਉਸ ਵਿੱਚ ਭਾਜੀ ਵੰਡੀ। ਇੰਝ ਪਿੰਗਲਵਾੜੇ ਦੀ ਮਦਦ ਵੀ ਹੋ ਗਈ ਅਤੇ ਪਰਿਵਾਰ ਦਾ ਚਾਅ ਵੀ ਪੂਰਾ ਹੋ ਗਿਆ।

ਨਵੇਂ ਰਿਵਾਜ਼... ਤੌਬਾ!

# ਮੰਜ਼ਿਲ ਵਿਆਹ (Destination Wedding)

**ਡਾ. ਆਸ਼ੂ ਤੂਰ**
ਖੇਤੀ ਪੱਤਰਕਾਰੀ ਵਿਭਾਗ

ਸ਼ਾਦੀ ਵਿਆਹ ਦਾ ਸੰਜੋਗ ਬਣਦੇ ਹੀ ਘਰ ਵਿੱਚ ਰੌਣਕ ਦਾ ਮਾਹੌਲ ਜਿਹਾ ਬਣ ਜਾਂਦਾ ਹੈ। ਕੋਮਲ ਅਤੇ ਹਸੀਨ ਸੁਪਨੇ ਸ਼ੁਰੂ ਹੋ ਜਾਂਦੇ ਹਨ। ਮਨ ਚਾਹੁੰਦਾ ਹੈ ਕਿ ਅਜਿਹਾ ਵਿਆਹ ਕਦੇ ਕਿਸੇ ਨੇ ਨਾ ਵੇਖਿਆ, ਨਾ ਸੁਣਿਆ ਹੋਵੇ। ਸਭ ਤੋਂ ਵੱਖਰਾ, ਸਭ ਤੋਂ ਭਿੰਨ, ਸਭ ਤੋਂ ਅਨੋਖਾ, ਸਭ ਤੋਂ ਖ਼ੂਬਸੂਰਤ ਹੋਵੇਗਾ ਸਾਡਾ ਵਿਆਹ ਤੇ ਕਿਉਂ ਨਾ ਹੋਵੇ? ਆਖ਼ਰ ਜ਼ਿੰਦਗੀ ਦੇ ਸਫਰ ਵਿੱਚ ਇੱਕ ਵਾਰ ਹੀ ਤਾਂ ਅਸੀਂ ਆਉਣਾ ਇਸ ਪੜਾਅ ਤੇ ਕਿਉਂ ਨਾ ਇਸ ਨੂੰ ਯਾਦਗਾਰ ਬਣਾਈਏ ਤਾਂ ਜੋ ਸਾਲਾਂ ਬੱਧੀ ਲੋਕ ਇਸ ਖ਼ੂਬਸੂਰਤ ਸਮੇਂ ਨੂੰ ਯਾਦ ਰੱਖਣ। ਤੇ ਬਸ ਸ਼ੁਰੂ ਹੋ ਜਾਂਦਾ ਹੈ ਇਸ ਵਿਆਹ ਨੂੰ ਇੱਕ ਮਿਸਾਲ ਬਨਾਉਣ ਦਾ ਸਿਲਸਿਲਾ।

**ਜਿੰਨੇ ਰਿਸ਼ਤੇਦਾਰ, ਉਨੀਆਂ ਸਲਾਹਾਂ।** ਚਾਚਾ ਜੀ ਕਹਿੰਦੇ ਹਨ ਵਿਆਹ ਵਿੱਚ ਬੇਸ਼ੁਮਾਰ ਲਜ਼ੀਜ਼ ਪਕਵਾਨ ਹੋਣੇ ਚਾਹੀਦੇ ਹਨ, ਭੂਆ ਜੀ ਨੂੰ ਤਾਂ ਬਹੁਤ ਸਾਰੇ ਸਮਾਗਮ ਚਾਹੀਦੇ ਹਨ, ਮਾਮੀਆਂ, ਮਾਸੀਆਂ ਤਾਂ ਹਰ ਅਵਸਰ ਤੇ ਪਹਿਨਣ ਵਾਲੇ ਕੀਮਤੀ ਲਹਿੰਗੇ, ਸਾੜੀਆਂ ਅਤੇ ਸੂਟਾਂ ਦੀ ਖਰੀਦਦਾਰੀ ਬਾਰੇ ਸੋਚਣ ਲੱਗ ਪੈਂਦੀਆਂ ਹਨ, ਫੁੱਫੜ ਜੀ ਸਭ ਤੋਂ ਮਹਿੰਗੀ ਸ਼ਰਾਬ ਦੀ ਮੰਗ ਰੱਖ ਦਿੰਦੇ ਹਨ। ਖਿੜ ਖਿੜ ਹਾਸੇ ਦੇ ਮਾਹੌਲ ਵਿੱਚ ਫੇਰ ਆਵਾਜ਼ ਲਾੜੇ ਦੀ ਛੋਟੀ ਭੈਣ ਦੀ ਆਉਂਦੀ ਹੈ। ਹੁਣੇ ਹੁਣੇ ਦਿੱਲੀ ਦੇ ਕਾਲਜ ਤੋਂ ਫੈਸ਼ਨ ਡਿਜ਼ਾਈਨ ਦਾ ਕੋਰਸ ਕਰਕੇ ਆ ਰਹੀ, ਮਾਡਰਨ ਲੜਕੀ ਆਪਣਾ ਵਿਚਾਰ ਪੇਸ਼ ਕਰਦੀ ਹੈ- ਮੰਜ਼ਿਲ ਵਿਆਹ- Destination wedding !!!!

ਰੌਸ਼ਨੀ ਪਾਉਂਦੇ ਹੋਏ ਫਿਰ ਕਹਿੰਦੀ ਹੈ ਕਿ ਆਪਣੇ ਘਰ ਤੇ ਆਪਣੇ ਸ਼ਹਿਰ ਵਿੱਚ ਵਿਆਹ ਕਰਨਾ ਕਿੰਨਾ ਬੋਰ ਹੈ, ਬੇਰੰਗ ਹੈ, ਬਾਸਾ ਹੈ। ਵੀਰ ਦਾ ਵਿਆਹ ਤਾਂ ਘਰ ਤੋਂ ਦੂਰ, ਜੈਪੁਰ ਦੇ ਕਿਸੇ ਸੋਹਣੇ ਰਾਜਸੀ ਮਹਿਲ ਵਿੱਚ, ਜਾਂ ਗੋਆ ਦੇ ਕਿਸੇ ਚਾਨਣੀ ਨਾਲ ਨ੍ਹਾਤੇ ਸਮੁੰਦਰੀ ਤੱਟ (ਬੀਚ) ਤੇ, ਜਾਂ ਫੇਰ ਮਨਾਲੀ ਯਾ ਮਸੂਰੀ ਦੇ ਸੁਹਾਵਣੇ ਮੌਸਮ ਵਿੱਚ ਹੋਣਾ ਚਾਹੀਦਾ ਹੈ। "ਪੈਸੇ ਦੀ ਤਾਂ ਕੋਈ ਕਮੀ ਹੈ ਨਹੀਂ ਤੁਹਾਨੂੰ, ਪਾਪਾ- ਫੇਰ ਸਿੰਗਾਪੁਰ ਜਾਂ ਯੋਰਪ ਦਾ ਖਿਆਲ ਵੀ ਬਣਾਇਆ ਜਾ ਸਕਦਾ ਹੈ। ਸੋਚੋ ਆਪਣੇ ਕਾਰੋਬਾਰੀ ਦੋਸਤਾਂ ਵਿੱਚ ਤੁਹਾਡਾ ਰੁਤਬਾ ਕਿੰਨਾ ਉੱਚਾ ਹੋ ਜਾਵੇਗਾ। ਕਪੂਰ ਅੰਕਲ, ਸਚਦੇਵਾ ਆਂਟੀ ਤੇ ਆਪਣੇ ਤੋਂ ਜਲਣ ਵਾਲੇ ਤਾਇਆ ਜੀ ਦੀਆਂ ਤਾਂ ਅੱਖਾਂ ਫਟੀਆਂ ਰਹਿ ਜਾਣਗੀਆਂ।"

ਬਸ, ਇੰਨੀ ਹੀ ਫੂਕ ਦੀ ਲੋੜ ਸੀ ਪਾਪਾ ਜੀ ਨੂੰ ਝੱਟ ਮੰਨ ਗਏ ਲਾਡਲੀ ਧੀ ਦੀ ਸਲਾਹ। ਫੈਸਲਾ ਹੋ ਗਿਆ। ਵਿਆਹ ਤਾਂ ਜੈਪੁਰ ਦੇ ਪੰਜ ਸਿਤਾਰਾ ਪੈਲਸ ਵਿੱਚ ਹੀ ਹੋਵੇਗਾ। ਦੋ ਹਫਤੇ ਸਭ ਕੁਝ ਭੁੱਲ ਕੇ ਵਿਆਹ ਵਿੱਚ ਸ਼ਾਮਿਲ ਹੋਵਾਂਗੇ। ਦਸ ਬਾਰਾਂ ਦਿਨ ਤਾਂ ਸਮਾਗਮ ਚੱਲਣਗੇ ਹੀ ਤੇ ਬਸ ਪਾਪਾ ਜੀ ਫੋਨ ਮਿਲਾ ਦਿੰਦੇ ਹਨ ਦੁਲਹਨ ਦੇ ਪਿਤਾ ਨੂੰ "ਸਾਨੂੰ ਤਾਂ ਬਸ ਵਿਆਹ ਚੰਗਾ ਚਾਹੀਦਾ-ਬਸ ਬਹਿ ਜਾ ਬਹਿ ਜਾ ਹੋ ਜਾਵੇ। ਸਾਰੇ ਸ਼ਹਿਰ ਵਿੱਚ ਧੁੰਮਾਂ ਪੈ ਜਾਣ। ਸਥਾਨਕ ਵਿਆਹ ਤਾਂ ਬਥੇਰੇ ਦੇਖੇ, ਪਰ ਇਹੋ ਜਿਹਾ ਮੰਜ਼ਿਲ ਵਿਆਹ ਆਯੋਜਿਤ ਹੋਵੇ ਜਿਸ ਦਾ ਸੁਆਦ ਸਾਰਾ ਸ਼ਹਿਰ ਚਖੇ।"

ਇੰਨੀ ਵੱਡੀ ਮੰਗ ਦੇ ਬੋਝ ਅਤੇ ਠਹਾਕਿਆਂ ਦੇ ਸ਼ੋਰ ਗੁਲ ਵਿੱਚ ਪੜ੍ਹੀ ਲਿਖੀ ਸਹਾਇਕ ਪ੍ਰੋਫੈਸਰ ਲੱਗੀ ਲੜਕੀ ਦੀ ਸਿਸਕੀ ਤਾਂ ਦੱਬ ਜਿਹੀ ਗਈ। **ਸਾਨੂੰ ਤਾਂ ਬਸ ਵਿਆਹ ਚੰਗਾ ਚਾਹੀਦਾ-ਲੜਕੀ ਚੰਗੀ ਨਹੀਂ ਚਾਹੀਦੀ-ਸੋਚਾਂ'ਚ ਪੈ ਜਾਂਦਾ ਲੜਕੀ ਦਾ ਪਰਿਵਾਰ।**

ਜੀ ਹਾਂ, ਕਿਸੇ ਵੀ ਮੱਧਮ ਵਰਗ ਦਾ ਬਜਟ ਹਿਲਾ ਦਿੰਦੇ ਹਨ ਸ਼ਾਦੀ ਵਿਆਹ ਦੇ ਖਰਚੇ। ਇਹ ਨਵਾਂ ਫਤੂਰ- ਜ਼ਰਾ ਹੱਟ ਕੇ ਵਿਆਹ ਕਰਾਂਗੇ- ਕਿਸੇ ਫਿਲਮੀ ਕਹਾਣੀ ਵਿੱਚ ਸੁੰਦਰ ਲਗ ਸਕਦਾ ਹੈ, ਪਰ ਹਰ ਕਿਸੀ ਲਈ ਵਾਜਿਥ ਨਹੀਂ। ਆਓ ਜਾਣੀਏ ਮੰਜ਼ਿਲ ਵਿਆਹ ਹੈ ਕੀ:

Destination Wedding ਜਾਂ ਮੰਜ਼ਿਲ ਵਿਆਹ ਆਪਣੇ ਸਥਾਨਕ ਸ਼ਹਿਰ ਤੋਂ ਦੂਰ ਕਿਸੇ ਖ਼ੂਬਸੂਰਤ, ਸੁਹਾਵਣੇ ਸ਼ਹਿਰ, ਪ੍ਰਦੇਸ਼ ਜਾਂ ਵਿਦੇਸ਼ ਵਿੱਚ ਜਾਕੇ ਵਿਆਹ ਦੇ ਸਮਾਗਮਾਂ ਨੂੰ ਆਯੋਜਿਤ ਕਰਨਾ ਹੈ। ਕਈ ਨਵੀਂ ਪੀੜੀ ਦੇ ਨੌਜਵਾਨ ਲੜਕੇ ਲੜਕੀਆਂ ਪੁਰਾਣੇ ਕਿਸਮ ਦੇ ਰਸਮਾਂ ਰਿਵਾਜ਼ਾਂ ਨੂੰ ਨਵਾਂ ਰੰਗ ਦੇਣ ਲਈ ਕਿਸੇ ਪਸੰਦੀਦਾ ਜਗ੍ਹਾ ਤੇ ਜਾਕੇ ਆਪਣੇ ਜੀਵਨ ਦੀ ਇਸ ਹਸੀਨ ਸ਼ੁਰੂਆਤ ਨੂੰ ਅੰਜਾਮ ਦੇਣਾ ਚਾਹੁੰਦੇ ਹਨ। ਵੈਸੇ ਇਸ ਵਿੱਚ ਕੁਝ ਬੁਰਾਈ ਵੀ ਨਹੀਂ-ਬਸ ਬੇਹਿਸਾਬ ਖਰਚੇ ਨੂੰ ਛੱਡਕੇ।

ਜੇਕਰ ਇਸ ਕਿਸਮ ਦੇ ਵਿਆਹ ਵਿੱਚ ਕੇਵਲ ਨੇੜਲੇ ਸਕੇ ਸੰਬੰਧੀ ਹੀ ਹੋਣ ਤਾਂ ਖਰਚਾ ਕਾਫੀ ਘੱਟ ਜਾਂਦਾ ਹੈ। ਪਰ ਨਾਲ ਹੀ ਆਪਣੇ ਬਹੁਤੇ ਪਿਆਰੇ ਦੋਸਤ ਤੇ ਰਿਸ਼ਤੇਦਾਰ ਜੋ ਇਸ ਵਿੱਚ ਸ਼ਮੂਲੀਅਤ ਨਹੀਂ ਕਰ ਸਕਦੇ, ਸਾਡੇ ਤੋਂ ਨਾਰਾਜ਼ ਵੀ ਹੋ ਸਕਦੇ ਹਨ। ਉੱਥੇ ਹੀ ਜੇਕਰ ਸਾਰੇ ਰਿਸ਼ਤੇਦਾਰ ਅਤੇ ਬਰਾਤੀਆਂ ਦਾ ਆਉਣ ਜਾਣ ਤੇ ਰਹਿਣ ਦਾ ਖਰਚਾ ਲੜਕੀ ਦੇ ਪਰਿਵਾਰ ਨੇ ਚੁੱਕਣਾ ਹੋਵੇ, ਤਾਂ ਇਹ ਇੱਕ ਵੱਡੀ ਸੱਮਸਿਆ ਬਣ ਸਕਦੀ ਹੈ।

ਘਰੋਂ ਦੂਰ ਕਿਸੇ ਨਵੇਂ ਥਾਂ ਤੇ ਵਿਆਹ ਰੱਖਣਾ ਆਪਣੇ ਆਪ ਵਿੱਚ ਇੱਕ ਮੁਹਿੰਮ ਹੈ। ਕਈ ਮੁਸ਼ਕਿਲਾਂ ਹਨ ਜਿਵੇਂ ਕਿ ਸਭ ਤੋਂ ਪਹਿਲਾਂ ਇੱਕ ਅਜਿਹੀ ਜਗ੍ਹਾ ਦੀ ਚੋਣ

ਕਰਨਾ ਜਿੱਥੇ ਬਰਾਤੀ ਅਤੇ ਹੋਰ ਰਿਸ਼ਤੇਦਾਰ ਆਸਾਨੀ ਨਾਲ ਪੁੱਜ ਸਕਣ। ਕਈ ਵਾਰ ਤਾਂ ਸਾਰੇ ਰਿਸ਼ਤੇਦਾਰਾਂ ਦੇ ਆਉਣ ਜਾਣ ਦਾ ਖਰਚਾ ਲੜਕੀ ਦੇ ਪਰਿਵਾਰ ਤੇ ਇੰਨਾ ਭਾਰ ਬਣ ਜਾਂਦਾ ਹੈ ਕਿ ਉਹਨਾਂ ਲਈ **ਵਿਆਹ ਇੱਕ ਖੁਸ਼ੀ ਦਾ ਮੌਕਾ ਘੱਟ, ਤੇ ਇੱਕ ਜੰਜਾਲ ਵੱਧ ਬਣ ਜਾਂਦਾ ਹੈ।**

ਸਭ ਦੇ ਰਹਿਣ ਲਈ ਹੋਟਲ ਵਿੱਚ ਵਧੀਆ ਕਮਰੇ, ਪੈਲਸ ਦੀ ਸਜਾਵਟ, ਖਾਣ-ਪੀਣ, ਕਿਰਾਏ ਦੀਆਂ ਅਣਗਿਣਤ ਗੱਡੀਆਂ, ਮਹਿਮਾਨਾਂ ਦੀ ਹਰ ਨਿੱਕੀ ਤੋਂ ਨਿੱਕੀ ਜ਼ਰੂਰਤ ਦਾ ਧਿਆਨ ਰੱਖਣਾ, ਸਲੂਨ ਅਤੇ ਪਾਰਲਰ ਬੁੱਕ ਕਰਵਾਉਣਾ- ਸਭ ਕੁਝ ਵਿਆਹ ਵਾਲੇ ਘਰ ਦੀ ਜ਼ਿੰਮੇਵਾਰੀ ਬਣ ਜਾਂਦੀ ਹੈ। ਹਰ ਵੇਲੇ ਕਿਸੇ ਨੂੰ ਕੁਝ ਚਾਹੀਦਾ ਤੇ ਕਿਸੇ ਨੂੰ ਕੁਝ ਹੋਰ। ਹਰ ਮੰਗ ਕਿਸੇ ਓਪਰੇ ਥਾਂ ਤੇ ਪੁਗਾਣਾ ਨਾ ਕੇਵਲ ਮਹਿੰਗਾ ਹੈ, ਬਲਕਿ ਕਈ ਵਾਰ ਮੁਮਕਿਨ ਵੀ ਨਹੀਂ ਹੁੰਦਾ। ਤੇ ਇਸ ਸੂਰਤ ਵਿੱਚ ਖਰਚਿਆਂ ਤੋਂ ਇਲਾਵਾ ਰਿਸ਼ਤਿਆਂ ਵਿੱਚ ਵੀ ਕੜਵਾਹਟ ਹੋ ਜਾਣਾ ਸੁਭਾਵਕ ਹੈ। ਫੇਰ ਵਿਆਹ ਮੰਡੀ ਵਿੱਚ ਬੈਠੇ ਪਲੈਨਰ ਵੀ ਵਾਧੂ ਪੈਸੇ ਬਨਾਉਣ ਵਿੱਚ ਪਿੱਛੇ ਨਹੀਂ ਰਹਿੰਦੇ।

ਵਿਆਹ ਵਾਲੇ ਘਰ ਵਿੱਚ ਬਹੁਤ ਰੁਝੇਂਵੇਂ ਹੁੰਦੇ ਹਨ। ਸੋ ਵਿਆਹ ਪਲੈਨ ਕਰਣ ਵਾਲੇ (ਵੈਡਿੰਗ ਪਲੈਨਰ) ਸਾਡਾ ਕੰਮ ਆਸਾਨ ਕਰਣ ਲਈ ਸਾਰੀ ਜ਼ਿੰਮੇਵਾਰੀ ਚੁੱਕ ਲੈਂਦੇ ਹਨ। ਪਰ ਕੀ ਇਹ ਮੁਫਤ ਹੈ? ਬਿਲਕੁਲ ਨਹੀਂ- ਉਹਨਾਂ ਦੀ ਕਮਿਸ਼ਨ ਅਤੇ ਬਿੱਲ ਹਰ ਕਿਸੇ ਦੀ ਪਹੁੰਚ ਤੋਂ ਬਾਹਰ ਹਨ। ਮੰਜ਼ਿਲ ਵਿਆਹ ਬਿਨ੍ਹਾਂ ਕਿਸੇ ਅੜਚਨ ਨੇਪਰੇ ਚੜ੍ਹ ਜਾਣ, ਇਸ ਲਈ ਜ਼ਰੂਰੀ ਹੋ ਜਾਂਦਾ ਹੈ ਵਿਆਹ ਪਲੈਨਰ ਦੀ ਮਦਦ ਲੈਣਾ। ਇਹ ਸਾਡੀਆਂ ਜ਼ਰੂਰਤਾਂ ਦਾ ਧਿਆਨ ਤਾਂ ਬਖੂਬੀ ਰੱਖ ਲੈਂਦੇ ਹਨ ਪਰ ਹਰ ਸੇਵਾ ਲਈ ਵੱਖਰਾ ਚਾਰਜ ਵੀ ਕਰਦੇ ਹਨ। ਇਹਨਾਂ ਨਾਲ ਵਿਆਹ ਵਾਲੇ ਘਰ ਨੂੰ ਇਕਰਾਰ ਕਰਨਾ ਪੈਂਦਾ ਹੈ ਕਿ ਸਾਰਾ ਸਾਮਾਨ-ਸਜਾਵਟੀ ਫੁੱਲਾਂ ਤੋਂ ਲੈਕੇ ਖਾਣ-ਪੀਣ ਆਦਿ ਤੱਕ, ਉਹਨਾਂ ਤੋਂ ਹੀ ਲੈਣਾ ਪਵੇਗਾ। ਬਾਹਰੋਂ ਚਾਹੇ ਓਹੀ ਸਾਮਾਨ ਸਸਤਾ ਪੈਂਦਾ ਹੋਵੇ, ਲੇਕਿਨ ਇਸ ਕਿਸਮ ਦੇ ਵਿਆਹ ਵਿੱਚ ਇਹਨਾਂ ਪਲੈਨਰਾਂ ਦਾ ਮਹਿੰਗਾ ਸਾਮਾਨ ਹੀ ਲੈਣਾ ਪੈਂਦਾ ਹੈ। ਉਪਰੋਂ ਟੈਕਸ ਤੇ GST ਅੱਲਗ। ਜੋ ਵਿਆਹ ਧਿਆਨ ਨਾਲ ਵਿਚਾਰੇ ਗਏ ਬਜਟ ਅਧੀਨ ਸੰਪਨ ਹੁੰਦੇ ਹਨ, ਉੱਥੇ ਫਜ਼ੂਲ ਖਰਚੀ ਨਹੀਂ ਹੁੰਦੀ। ਪਰ ਜੇਕਰ ਆਪਣੇ ਬਟੂਏ ਨੂੰ ਹੋਟਲ ਜਾਂ ਪਲੈਨਰ ਦੇ ਹੀ ਹਵਾਲੇ ਕਰ ਦਿੱਤਾ, ਤਾਂ ਖਰਚਾ ਕਿਵੇਂ ਘਟੇਗਾ?

ਵਿਚਾਰਨ ਦੀ ਗੱਲ ਇਹ ਹੈ ਕਿ **ਹੱਕ ਹਲਾਲ ਦੀ ਕਮਾਈ ਨੂੰ ਕੇਵਲ ਫੋਕੀ ਸ਼ਾਨ ਲਈ ਫੂਕ ਦੇਣਾ ਕਿੱਥੋਂ ਦੀ ਸਮਝਦਾਰੀ ਹੈ?** ਭਾਰਤ ਵਿੱਚ ਕੇਵਲ ਦਸ ਫੀਸਦੀ ਲੋਕ ਹੀ ਹਾਈ ਇਨਕਮ ਗਰੁੱਪ ਵਿੱਚ ਆਉਂਦੇ ਹਨ। ਬੇਸ਼ਕ ਉਹਨਾਂ ਨੂੰ ਆਪਣੇ ਸੁਪਨੇ ਜੀਉਣ ਦਾ ਹੱਕ ਹੈ ਤੇ ਉਹ ਇਸ ਦਾ ਖਰਚ ਵੀ ਉਠਾ ਸਕਦੇ ਹਨ, ਪਰ ਕੀ ਉਹਨਾਂ ਦੀ ਰੀਸ ਕਰਕੇ ਮੱਧਮ ਅਤੇ ਘੱਟ ਵਰਗ ਦੇ ਲੋਕ ਆਪਣੇ ਘਰਾਂ, ਜ਼ਮੀਨਾਂ ਅਤੇ ਖੁਸ਼ੀਆਂ

ਨੂੰ ਗਿਰਵੀ ਰੱਖ ਸਕਦੇ ਹਨ?

ਵਿਆਹ ਸ਼ਾਦੀ ਦੋ ਜ਼ਿੰਦਗੀਆਂ ਦਾ ਰੂਹਾਨੀ ਮੇਲ ਹੈ। **ਪੈਸਾ ਕਦੀ ਵੀ ਕਿਸੇ ਖੁਸ਼ੀ ਦਾ ਮਾਪਦੰਡ ਨਹੀਂ ਹੋ ਸਕਦਾ ਹੈ।** ਜੋ ਰਿਸ਼ਤੇ ਫਜ਼ੂਲ ਦੀ ਚਕਾਚੌਂਧ ਨਾਲ ਬੰਨੇ ਜਾਂਦੇ ਹਨ, ਉਹਨਾਂ ਨੂੰ ਪੈਰ ਪੈਰ ਤੇ ਰਿਸ਼ਤੇ ਨੂੰ ਚਲਾਉਣ ਲਈ ਪੈਸੇ ਦਾ ਧੱਕਾ ਲਾਉਣਾ ਪੈਂਦਾ ਹੈ ਤੇ ਜਿਹੜੇ ਪਰਿਵਾਰ ਪਹਿਲਾਂ ਹੀ ਪੈਸੇ ਵਲੋਂ ਸੌਖੇ ਨਾ ਹੋਣ, ਉਹਨਾਂ ਨੂੰ ਤਾਂ ਇਸ ਦੌੜ ਵਿੱਚ ਪੈਣਾ ਹੀ ਨਹੀਂ ਚਾਹੀਦਾ। ਘਰ-ਬਾਰ, ਜ਼ਮੀਨ ਗਿਰਵੀ ਰੱਖਕੇ ਜਾਂ ਫਿਰ ਬੈਂਕਾਂ ਦੇ ਕਰਜ਼ਈ ਬਣਕੇ ਇੱਕ ਵਿਆਹ ਤੇ ਅੰਨ੍ਹਾ ਖਰਚ ਕਰਨਾ ਕਿੱਥੋਂ ਦੀ ਸਿਆਣਪ ਹੈ? ਇਹੀ ਪੈਸਾ ਜੇਕਰ ਕਿਸੇ ਕਾਰੋਬਾਰ ਜਾਂ ਆਪਣੇ ਬੱਚਿਆ ਦੀ ਉੱਚੀ ਸਿੱਖਿਆ ਲਈ ਜਾਂ ਫਿਰ ਕਿਸੇ ਲੋਕ ਭਲਾਈ ਕੰਮ ਤੇ ਲਗਾਇਆ ਜਾਏ ਤਾਂ ਸਾਡੀਆਂ ਅਗਲੀਆਂ ਪੀੜੀਆਂ ਵੀ ਇਸਦਾ ਫੱਲ ਚਖਣਗੀਆਂ। **ਸਾਡਾ ਕੋਈ ਹੱਕ ਨਹੀਂ ਬਣਦਾ ਆਪਣੀ ਔਲਾਦ ਨੂੰ ਕਰਜ਼ੇ ਵਿੱਚ ਡੁਬੋਣ ਦਾ।**

ਇਤਿਹਾਸ ਗਵਾਹ ਹੈ ਕਰਜ਼ੇ ਵਿੱਚ ਡੁੱਬੇ ਅਣਗਿਣਤ ਘਰ ਤਬਾਹ ਹੋਣ ਦਾ। **ਕੁਝ ਕੁ ਅਮੀਰ ਲੋਕਾਂ ਦਾ ਸ਼ੌਕ ਸਾਰਿਆਂ ਦਾ ਚੰਨ ਨਹੀਂ ਹੋ ਸਕਦਾ।** ਫੇਰ ਅਸੀਂ ਇਹ ਕਿਵੇਂ ਭੁੱਲ ਸਕਦੇ ਹਾਂ ਕਿ ਇਸ ਮਾਇਆ ਦੇ ਦਲਦਲ ਵਿੱਚੋਂ ਬਾਹਰ ਨਿਕਲਣਾ ਅਸੰਭਵ ਹੈ। ਜੇਕਰ ਮੰਜ਼ਿਲ ਵਿਆਹ ਰੱਖਕੇ ਉਸਦੀ ਚਕਾਚੌਂਧ ਨਾਲ ਇੱਕ ਵਾਰ ਨਵੇਂ ਰਿਸ਼ਤੇਦਾਰਾਂ ਨੂੰ ਲੁਭਾ ਲਿਆ, ਤਾਂ ਅੱਗੇ ਤੋਂ ਹਰ ਸਮਾਗਮ ਉੰਨੇ ਹੀ ਵੱਡੇ ਪੱਧਰ ਤੇ ਕਰਨਾ ਪਵੇਗਾ, ਵਰਨਾ ਨੱਕ ਨਹੀਂ ਵੱਢੀ ਜਾਏਗੀ ਰਿਸ਼ਤੇਦਾਰੀ ਵਿੱਚ! **"ਵਿਆਹ ਤੇ ਬੜਾ ਜ਼ੋਰ ਲਾਇਆ, ਮਗਰੋਂ ਨੰਗ ਹੋ ਕੇ ਬਹਿ ਗਏ।"** ਕੌਣ ਸੁਨਣਾ ਚਾਹੇਗਾ ਇਹ ਤਾਨਾ? ਫੇਰ ਇਹ ਮੰਜ਼ਿਲ ਵਿਆਹ ਸਾਡੇ ਰਿਸ਼ਤੇਦਾਰਾਂ ਲਈ ਵੀ ਤਾਂ ਮਹਿੰਗੇ ਪੈਂਦੇ ਹਨ। ਉਹਨਾਂ ਨੂੰ ਵੀ ਮੱਲੋ ਮੱਲੀ ਜ਼ਿਆਦਾ ਖਰਚਾ ਕਰਨਾ ਪੈਂਦਾ ਹੈ। ਤੋਹਫੇ ਖਰੀਦਣ ਅਤੇ ਦੇਣ ਦੇ ਨਾਲ ਨਾਲ ਆਪਣੀ ਖੁਦ ਦੀ ਤਿਆਰੀ ਲਈ ਉਹਨਾਂ ਨੂੰ ਬਹੁਤ ਉਚੇਚ ਕਰਨੀ ਪੈਂਦੀ ਹੈ।

ਲੋੜ ਹੈ ਅੱਜ ਸਾਡੀ ਨਵੀਂ ਪੜ੍ਹੀ-ਲਿਖੀ ਨੌਜਵਾਨ ਪੀੜੀ ਨੂੰ ਇੱਕ ਨਵੀਂ ਆਵਾਜ਼ ਬੁਲੰਦ ਕਰਨ ਦੀ। ਆਓ ਸੁੱਚੀ ਸੋਚ ਤੇ ਸੱਚੀ ਕਿਰਤ ਦੇ ਮਾਲਿਕ ਬਣੀਏ। ਇਹ **ਗੁਰੂਆਂ ਪੀਰਾਂ ਦੀ ਧਰਤੀ ਨੂੰ ਰੁਲਣ ਤੋਂ ਬਚਾਈਏ। ਵਾਅਦਾ ਕਰੀਏ ਆਪਣੇ ਆਪ ਨਾਲ ਕਿ ਸਾਦੇ ਵਿਆਹ ਕਰਵਾਂਵਾਂਗੇ, ਤੇ ਸਾਦੇ ਵਿਆਹ ਤੇ ਹੀ ਜਾਵਾਂਗੇ।** ਜਿਹੜੇ ਰੱਬ ਵਰਗੇ ਮਾਤਾ-ਪਿਤਾ ਨੇ ਸਿੱਖਿਆ ਦੀ ਦਾਤ ਬਖ਼ਸ਼ੀ, ਉਹਨਾਂ ਦੀ ਦੱਸਾਂ ਨੌਹਾਂ ਦੀ ਕਮਾਈ ਇੱਕ ਪਲ ਭਰ ਦੀ ਪਰੀ ਕਹਾਣੀ ਲਿਖਣ ਲਈ ਨਾ ਰੋਲੀਏ। ਮਖਮਲੀ ਕਾਲੀਨ, ਸਿਲਕ ਦੇ ਪੜਦੇ, ਰਾਜਸੀ ਠਾਠ, ਮੁਗਲਈ ਜ਼ਾਇਕੇ ਤੇ ਫਿਰੰਗੀ ਸ਼ਰਾਬ ਤੋਂ ਬਿਨ੍ਹਾਂ ਕੀ ਵਿਆਹ ਨਹੀਂ ਹੋ ਸਕਦੇ? ਧੀ ਜਿਸ ਘਰ ਵਿੱਚ ਜੰਮੀ ਪਲੀ ਤੇ

ਗੁੱਡੀਆਂ ਪਟੋਲਿਆਂ ਨਾਲ ਖੇਡਦੀ ਰਹੀ, ਕੀ ਉਸ ਘਰ ਵਿੱਚੋਂ ਉਸਦੀ ਡੋਲੀ ਨਹੀਂ ਜਾ ਸਕਦੀ ਜਾਂ ਫੇਰ ਜ਼ਰੂਰ ਹੀ ਘਰੋਂ ਦੂਰ ਇੱਕ ਖੂਬਸੂਰਤ ਸੰਗਮਰਮਰ ਦੇ ਹੋਟਲ ਵਿੱਚੋਂ ਹੀ ਉਸਨੂੰ ਵਿਦਾ ਕਰ ਦੇਣਾ ਹੈ।

ਆਓ ਜਾਗੀਏ, ਭੈਣੋ ਅਤੇ ਵੀਰੋ। ਤੋੜ ਮੁਕਾਈਏ ਇਹ ਭ੍ਰਮ ਕਿ ਉਚੇਚ ਵਿਆਹ ਤੇ ਪੈਸੇ ਫੂਕ ਕੇ ਵਾਹ ਵਾਹ ਖੱਟੀ ਜਾ ਸਕਦੀ ਹੈ। ਵਾਸਤਵ ਵਿੱਚ ਕੋਈ ਦੋ ਦਿਨ ਵੀ ਯਾਦ ਨਹੀਂ ਰੱਖਦਾ ਕਿ ਕਿਸ ਵਿਆਹ ਵਿੱਚ ਕੀ ਖਾਇਆ ਤੇ ਕੀ ਪਾਇਆ। ਆਓ ਕੁਝ ਵੱਖਰਾ ਸੋਚੀਏ ਤੇ ਵੱਖਰਾ ਕਰੀਏ। **ਸਾਦੇ ਵਿਆਹ ਰਚਾਈਏ, ਅੰਤਰ ਮਨ ਰੁਸ਼ਨਾਈਏ।**

### Fat Wedding- ਵਿਖਾਵੇ ਵਾਲੇ ਵਿਆਹ

ਅੰਗਰੇਜ਼ੀ ਵਾਲਿਆਂ ਨੇ ਵਿਖਾਵੇ ਵਾਲੇ ਵਿਆਹਾਂ ਲਈ ਕਿਨਾਂ ਸੁਹਣਾ ਸ਼ਬਦ ਘੜਿਆ ਹੈ- Fat Wedding- ਮੋਟੇ ਵਿਆਹ। ਮੋਟਾਪਾ ਸਚਮੁਚ ਮਾੜਾ ਹੁੰਦਾ ਹੈ- ਭਾਵੇਂ ਪੇਟ ਦਾ ਹੋਵੇ ਜਾਂ ਵਿਖਾਵੇ ਦਾ।

ਸ਼ੁਕਰ ਹੈ ਅਜੋਕੇ ਸਮੇਂ ਅਨੇਕਾਂ ਸਿਆਣੇ ਨੌਜਵਾਨਾਂ ਨੇ Fat Wedding ਤਿਆਗ ਕੇ Unique Wedding (ਆਦਰਸ਼ਕ ਤੇ ਮਿਸਾਲੀ ਵਿਆਹ) ਕਰਨੇ ਸ਼ੁਰੂ ਕਰ ਦਿੱਤੇ ਹਨ।

ਐਸੇ ਨੌਜਵਾਨਾਂ ਤੇ ਉਹਨਾਂ ਦੇ ਪਰਿਵਾਰਾਂ ਨੂੰ ਸਾਡੀ ਨਮਸਕਾਰ ਹੈ। ਧਾਰਮਿਕ ਤੇ ਸਮਾਜਿਕ ਸੰਸਥਾਵਾਂ ਨੂੰ ਅਜਿਹੇ ਨੌਜਵਾਨਾਂ ਦਾ ਸਨਮਾਨ ਕਰਨਾ ਚਾਹੀਦਾ ਹੈ ਜੋ ਸਾਦੇ ਵਿਆਹ ਕਰਵਾਉਣ।

**ਸ਼ਾਬਾਸ਼! ਸ਼ਾਬਾਸ਼!!**

ਕੁਝ ਮੁਸ਼ਕਿਲਾਂ ਨੂੰ ਹੱਲ ਕਰਨ ਵਿੱਚ ਸਮਾਂ ਲੱਗਦਾ ਹੈ।
ਘਬਰਾਓ ਨਾਹ। ਚੜਦੀ ਕਲਾ ਵਿੱਚ ਰਹੋ।
ਚੰਗਾ ਸੋਚੋ। ਚੰਗਾ ਹੋਵੇਗਾ।
ਸਮੇਂ ਨਾਲ ਹਾਲਾਤ ਜ਼ਰੂਰ ਸੁਧਰ ਜਾਂਦੇ ਹਨ।

ਲੜਾਈਆਂ-ਝਗੜਿਆਂ ਨੂੰ ਸੱਦਾ

# ਵਿਆਹ ਸਮੇਂ ਸ਼ਰਾਬ

**– ਹਰਗੁਣਪ੍ਰੀਤ ਸਿੰਘ**

ਪੰਜਾਬੀ ਯੂਨੀਵਰਸਿਟੀ, ਪਟਿਆਲਾ

ਅੱਜ ਕੱਲ੍ਹ ਪੰਜਾਬ ਵਿਚ ਵਿਆਹਾਂ ਉਤੇ ਫ਼ਜ਼ੂਲ ਖ਼ਰਚੇ ਕਰਨ ਅਤੇ ਸ਼ਰਾਬ ਦੀ ਖੁੱਲ੍ਹ ਕੇ ਵਰਤੋਂ ਕਰਨ ਦਾ ਰੁਝਾਨ ਦਿਨੋ ਦਿਨ ਵੱਧਦਾ ਜਾ ਰਿਹਾ ਹੈ। ਪਹਿਲੇ ਸਮਿਆਂ ਦੌਰਾਨ ਵਿਆਹ ਵਿਚ ਕੇਵਲ ਅਨੰਦ ਕਾਰਜ ਦੀ ਰਸਮ ਨੂੰ ਹੀ ਸਭ ਤੋਂ ਵੱਧ ਮਹੱਤਵ ਦਿੱਤਾ ਜਾਂਦਾ ਸੀ ਪਰੰਤੂ ਹੁਣ ਵਿਆਹਾਂ ਵਿਚ ਹੋਰ ਕਿੰਨੇ ਹੀ ਛੋਟੇ-ਵੱਡੇ ਸਮਾਗਮਾਂ ਜਿਵੇਂ ਰੋਕਾ, ਰਿੰਗ ਸੈਰੇਮਨੀ, ਸ਼ਗਨ, ਚੁੰਨੀ ਚੜ੍ਹਾਈ, ਲੇਡੀਜ਼ ਸੰਗੀਤ ਅਤੇ ਰਿਸੈਪਸ਼ਨ ਉਤੇ ਵਿਖਾਵੇ ਲਈ ਬੇਲੋੜਾ ਖਰਚ ਕੀਤਾ ਜਾਂਦਾ ਹੈ। ਵਿਆਹ ਨਾਲ ਜੁੜੇ ਇਨ੍ਹਾਂ ਸਮਾਗਮਾਂ ਲਈ ਲੱਖਾਂ ਰੁਪਇਆਂ ਦੇ ਵੱਡੇ-ਵੱਡੇ ਪੈਲੇਸ ਬੁੱਕ ਕਰਵਾਏ ਜਾਂਦੇ ਹਨ, ਖਾਣ-ਪੀਣ ਅਤੇ ਸਜਾਵਟ ਉਤੇ ਵੱਖਰੇ ਤੌਰ 'ਤੇ ਹਜ਼ਾਰਾਂ-ਲੱਖਾਂ ਰੁਪਏ ਖਰਚੇ ਜਾਂਦੇ ਹਨ ਅਤੇ ਕੱਪੜਿਆਂ, ਗਹਿਣਿਆਂ ਤੇ ਦਾਜ ਦੇ ਨਾਂ ਉਤੇ ਦਿੱਤੇ ਜਾਣ ਵਾਲੇ ਤੋਹਫ਼ਿਆਂ ਉਤੇ ਵੀ ਬੇਹਿਸਾਬਾ ਪੈਸਾ ਪਾਣੀ ਵਾਂਗ ਵਹਾਇਆ ਜਾਂਦਾ ਹੈ। **ਸਾਡੀ ਵਿਖਾਵੇਬਾਜ਼ੀ ਅਤੇ ਸਾਡਾ ਹੰਕਾਰ ਦਿਨੋਂ ਦਿਨ ਵੱਧਦਾ ਜਾ ਰਿਹਾ ਹੈ, ਜਦਕਿ ਸਾਡੀ ਮਾਨਸਿਕਤਾ ਅਤੇ ਸਾਡੇ ਸੰਸਕਾਰ ਦਿਨੋ ਦਿਨ ਘੱਟਦੇ ਜਾ ਰਹੇ ਹਨ।**

ਅਕਸਰ ਕਿਹਾ ਜਾਂਦਾ ਹੈ ਕਿ ਨੌਜਵਾਨ ਹੀ ਕਿਸੇ ਦੇਸ਼ ਦਾ ਭਵਿੱਖ ਹੁੰਦੇ ਹਨ, ਪਰੰਤੂ ਜੇ ਦੇਸ਼ ਦੇ ਨੌਜਵਾਨ ਹੀ ਸ਼ਰਾਬ ਤੇ ਹੋਰ ਨਸ਼ਿਆਂ ਦੇ ਸ਼ਿਕਾਰ ਹੋ ਜਾਣ, ਤਾਂ ਉਸ ਦੇਸ਼ ਦਾ ਭਵਿੱਖ ਕਿਸ ਤਰ੍ਹਾਂ ਦਾ ਹੋਵੇਗਾ, ਇਹ ਤਾਂ ਰੱਬ ਹੀ ਜਾਣੇ। ਕਿਸੇ ਸਮੇਂ ਪੰਜਾਬ ਦੇ ਨੌਜਵਾਨ ਪੂਰੀ ਦੁਨੀਆ ਵਿਚ ਆਪਣੇ ਚੁਸਤ-ਦਰੁਸਤ ਸਰੀਰ ਕਰਕੇ ਜਾਣੇ ਜਾਂਦੇ ਸਨ, ਪਰ ਹੁਣ ਗੁਰੂਆਂ, ਪੀਰਾਂ ਅਤੇ ਮਹਾਪੁਰਖਾਂ ਦੀ ਪੰਜ ਦਰਿਆਵਾਂ ਦੀ ਧਰਤੀ 'ਪੰਜਾਬ' ਵਿਚ ਸ਼ਰਾਬ ਤੇ ਨਸ਼ਿਆਂ ਰੂਪੀ ਛੇਵਾਂ ਦਰਿਆ ਸ਼ਾਮਲ ਹੋ ਚੁੱਕਾ ਹੈ, ਜਿਸ ਦੀ ਮਾਰ ਕਾਰਨ ਪੰਜਾਬੀ ਨੌਜਵਾਨ ਸਰੀਰਕ, ਮਾਨਸਿਕ, ਬੌਧਿਕ ਅਤੇ ਆਤਮਿਕ ਤੌਰ ਉੱਤੇ ਖੋਖਲੇ ਹੁੰਦੇ ਜਾ ਰਹੇ ਹਨ। ਸਾਨੂੰ ਹਫ਼ਤੇ ਵਿਚ ਇਕ ਅੱਧੀ ਐਸੀ ਮੰਦਭਾਗੀ ਖ਼ਬਰ ਜ਼ਰੂਰ ਪੜ੍ਹਨ ਜਾਂ ਸੁਣਨ ਨੂੰ ਮਿਲ ਹੀ ਜਾਂਦੀ ਹੈ ਕਿ ਵਿਆਹ ਵਿਚ ਸ਼ਰਾਬ ਦੇ ਨਸ਼ੇ ਵਿਚ ਪਾਏ ਭੜਥੂ ਅਤੇ ਗੁੰਡਾਗਰਦੀ ਕਰਕੇ ਖੁਸ਼ੀਆਂ-ਖੇੜਿਆਂ ਦਾ ਸਮਾਗਮ ਕਿਵੇਂ ਦੁੱਖਾਂ-ਝੇੜਿਆਂ ਦਾ ਸਮਾਗਮ ਬਣ ਗਿਆ, ਕਿਵੇਂ ਸ਼ਰਾਬ ਦੇ ਨਸ਼ੇ ਵਿਚ ਨੱਚਦੇ-ਝੂਮਦੇ ਬਰਾਤੀਆਂ ਵੱਲੋਂ ਹਵਾ ਵਿਚ ਚਲਾਈ ਗੋਲੀ ਅਚਾਨਕ ਲਾੜੇ ਜਾਂ ਹੋਰ ਕਿਸੇ ਰਿਸ਼ਤੇਦਾਰ ਦੀ ਮੌਤ ਕਾਰਨ ਬਣ ਗਈ।

ਪਿਛਲੇ ਸਾਲ ਦਸੰਬਰ ਵਿਚ ਮੌੜ ਮੰਡੀ ਦੇ ਇਕ ਪੈਲੇਸ ਵਿਚ ਵਿਆਹ ਸਮਾਗਮ ਮੌਕੇ ਸ਼ਰਾਬ ਦੇ ਨਸ਼ੇ ਵਿਚ ਇਕ ਸਿਆਸੀ ਪਾਰਟੀ ਨਾਲ ਸਬੰਧਿਤ ਕੌਂਸਲਰ ਦੇ ਪੁੱਤਰ ਦੀ ਬੰਦੂਕ ਵਿਚੋਂ ਚੱਲੀ ਗੋਲੀ ਨੇ ਇਕ ਬੇਕਸੂਰ ਆਰਕੈਸਟਰਾ ਡਾਂਸਰ ਦੀ ਜਾਨ ਲੈ ਲਈ ਸੀ ਜੋ ਕਿ ਦੋ ਮਹੀਨਿਆਂ ਦੀ ਗਰਭਵਤੀ ਵੀ ਸੀ। ਵਿਆਹਾਂ ਵਿਚ ਬੇਲੋੜਾ ਖਰਚਾ ਕਰਨ ਅਤੇ ਸ਼ਰਾਬ ਪੀ ਕੇ ਲੜਾਈ-ਝਗੜੇ ਕਰਨ ਦਾ ਰੁਝਾਨ ਹੁਣ ਕੇਵਲ ਪੰਜਾਬ ਤੱਕ ਹੀ ਸੀਮਤ ਨਹੀਂ ਰਿਹਾ ਬਲਕਿ ਵਿਦੇਸ਼ਾਂ ਵਿਚ ਵੱਸੇ ਪੰਜਾਬੀਆਂ ਵੱਲੋਂ ਵੀ ਵੱਡਾ ਖਰਚਾ ਕਰਕੇ ਸ਼ਾਹੀ ਅੰਦਾਜ਼ ਵਿਚ ਵਿਆਹ ਕੀਤੇ ਜਾਂਦੇ ਹਨ। ਇਸ ਸਾਲ ਮਈ ਵਿਚ ਕੈਲੀਫੋਰਨੀਆ ਦੇ ਸ਼ਹਿਰ ਫਰੀਮਾਂਟ ਦੇ ਰਾਇਲ ਬੈਂਕੁਏਟ ਹਾਲ ਵਿਚ ਇਕ ਵਿਆਹ ਦੀ ਪਾਰਟੀ ਦੌਰਾਨ ਕੁਝ ਲੋਕਾਂ ਨੇ ਸ਼ਰਾਬ ਪੀ ਕੇ ਅਜਿਹਾ ਖਰੂਦ ਪਾਇਆ ਕਿ ਖੁਸ਼ੀ ਦੇ ਰੰਗ ਵਿਚ ਭੰਗ ਪੈ ਗਿਆ ਕਿਉਂਕਿ ਦੋ ਧਿਰਾਂ ਵਿਚਾਲੇ ਹੋਈ ਜ਼ਬਰਦਸਤ ਮਾਰ-ਕੁਟਾਈ ਦੌਰਾਨ ਛੇ ਵਿਅਕਤੀ ਗੰਭੀਰ ਜ਼ਖਮੀ ਹੋ ਗਏ।

ਅਜਿਹੇ ਸੰਵੇਦਨਸ਼ੀਲ ਅਤੇ ਨਕਾਰਾਤਮਕ ਮਾਹੌਲ ਵਿਚ ਮਾਪਿਆਂ ਤੇ ਅਧਿਆਪਕਾਂ ਨੂੰ ਖਾਸ ਤੌਰ ਉਤੇ **ਆਪਣੀ ਨਿੱਜੀ ਮਿਸਾਲ ਰਾਹੀਂ ਘਰਾਂ ਤੇ ਸਕੂਲਾਂ ਵਿਚ ਉੱਚੀਆਂ ਸੁੱਚੀਆਂ ਨੈਤਿਕ ਕਦਰਾਂ-ਕੀਮਤਾਂ ਵਾਲੇ ਪਵਿੱਤਰ ਵਾਤਾਵਰਣ ਦੀ ਸਿਰਜਣਾ ਕਰਨੀ ਚਾਹੀਦੀ ਹੈ,** ਕਿਉਂਕਿ ਜਿਸ ਘਰ ਵਿਚ ਪਿਤਾ ਜਾਂ ਹੋਰ ਕੋਈ ਵੱਡਾ ਜੀਅ ਸ਼ਰੇਆਮ ਪਰਿਵਾਰਕ ਮੈਂਬਰਾਂ ਸਾਹਮਣੇ ਸ਼ਰਾਬ ਪੀਂਦਾ ਹੋਵੇ ਅਤੇ ਰੋਕੇ ਜਾਣ ਉਤੇ ਗਾਲ੍ਹਾਂ ਕੱਢਦਾ ਜਾਂ ਮਾਰਕੁੱਟ ਕਰਦਾ ਹੋਵੇ ਉਸ ਘਰ ਦੇ ਪੁੱਤਰ ਤੋਂ ਇਹ ਕਿਵੇਂ ਆਸ ਲਗਾਈ ਜਾ ਸਕਦੀ ਹੈ ਕਿ ਉਹ ਭਵਿੱਖ ਵਿਚ ਸ਼ਰਾਬ ਨੂੰ ਹੱਥ ਨਹੀਂ ਲਗਾਵੇਗਾ। ਇਸ ਲਈ ਮਾਪਿਆਂ ਨੂੰ ਬੱਚੇ ਨੂੰ ਛੋਟੀ ਉਮਰੇ ਹੀ 'ਵੱਧੀਆ ਕਾਰ' ਦੇਣ ਦੀ ਥਾਂ 'ਤੇ 'ਵਧੀਆ ਸੰਸਕਾਰ' ਦੇਣੇ ਚਾਹੀਦੇ ਹਨ। ਇਸ ਤੋਂ ਇਲਾਵਾ ਹੋਸਟਲਾਂ ਵਿਚ ਰਹਿਣ ਵਾਲੇ ਵਿਦਿਆਰਥੀਆਂ ਉੱਤੇ ਪਿਆਰ ਭਰੀ ਦੋਸਤਾਨਾ ਨਿਗਰਾਨੀ ਰੱਖਣੀ ਚਾਹੀਦੀ ਹੈ। ਸਿੱਖਿਆ ਸੰਸਥਾਵਾਂ ਵਿਚ ਵਿਦਿਆਰਥੀਆਂ ਦੀ ਸ਼ਕਤੀ ਦੇ ਸਦਉਪਯੋਗ ਲਈ ਪੜ੍ਹਾਈ ਦੇ ਨਾਲ-ਨਾਲ ਖੇਡਾਂ, ਕੋਮਲ-ਕਲਾਵਾਂ ਅਤੇ ਹੋਰ ਸਹਿ-ਕਿਰਿਆਵਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

ਭਾਵੇਂ ਪੰਜਾਬੀ ਗੀਤ-ਸੰਗੀਤ ਦੀ ਸਮੁੱਚੇ ਵਿਸ਼ਵ ਵਿਚ ਸਰਦਾਰੀ ਹੈ, ਪਰੰਤੂ ਅਜੋਕੇ ਕੁਝ ਸਿਰ-ਫਿਰੇ ਅਖੌਤੀ ਗਾਇਕ ਅਤੇ ਗੀਤਕਾਰ ਜਿੱਥੇ ਪੰਜਾਬੀ ਭਾਸ਼ਾ ਤੇ ਸਭਿਆਚਾਰ ਨੂੰ ਖੋਰਾ ਲਾ ਰਹੇ ਹਨ ਉਥੇ ਨਾਲ ਹੀ ਅਜੋਕੀ ਨੌਜਵਾਨ ਪੀੜ੍ਹੀ ਦੇ ਵਿਚਾਰ, ਆਚਾਰ ਅਤੇ ਵਿਹਾਰ ਵਿਚੋਂ ਨੈਤਿਕਤਾ ਦਾ ਖਾਤਮਾ ਕਰ ਰਹੇ ਹਨ। ਬੜੇ ਅਫ਼ਸੋਸ ਤੇ ਬਦਕਿਸਮਤੀ ਵਾਲੀ ਗੱਲ ਹੈ ਕਿ ਅਜੋਕੇ ਬੇਸੁਰੇ ਅਤੇ ਬੇਤੁਕੇ ਗਾਇਕਾਂ ਨੇ ਸੂਰਵੀਰਾਂ ਅਤੇ ਸਰਦਾਰਾਂ ਦੇ ਪੰਜਾਬ ਨੂੰ ਨਸ਼ੇਖੋਰਾਂ ਅਤੇ ਨਚਾਰਾਂ ਦਾ ਪੰਜਾਬ ਬਣਾ

ਛੱਡਿਆ ਹੈ। ਫ਼ਿਕਰ ਵਾਲੀ ਗੱਲ ਤਾਂ ਇਹ ਹੈ ਕਿ ਵਿਆਹ ਜਾਂ ਹੋਰ ਖੁਸ਼ੀ ਦੇ ਸਮਾਗਮਾਂ ਵਿਚ ਪਿਛਲੇ ਸਮਿਆਂ ਦੌਰਾਨ ਸੁਪਰ ਹਿੱਟ ਹੋਏ ਕੁਝ ਗੀਤ ਜਿਵੇਂ ਪਟਿਆਲਾ ਪੈਗ ਲਾ ਛੱਡੀਦਾ, ਮੈਨੂੰ ਇਕ ਦਿਨ ਦੇ ਲਈ ਹੋਸਟਲ ਵਾਲਾ ਕਮਰਾ ਦੇ ਦਿਓ ਜੀ ਮੈਂ ਯਾਰਾਂ ਦੇ ਨਾਲ ਮਿਲ ਕੇ ਦਾਰੂ ਪੀਣੀ ਐ, ਚੌਥਾ ਪੈਗ ਲਾ ਕੇ ਤੇਰੀ ਬਾਂਹ ਫ਼ੜ੍ਹਨੀ, ਰੰਨ ਬੋਤਲ ਵਰਗੀ ਚੁੱਕ ਲਓ ਰੱਬ ਦਾ ਨਾਂ ਲੈ ਕੇ, ਪਊਏ ਜਿੱਡੇ ਕੱਦ ਵਾਲੀਏ, ਆਪਣਾ ਪੰਜਾਬ ਹੋਵੇ ਘਰ ਦੀ ਸ਼ਰਾਬ ਹੋਵੇ, ਡੱਟ ਖੁੱਲ੍ਹਦੇ ਬੋਤਲਾਂ ਦੇ ਗਲਾਸੀ ਖੜਕੇ, ਬੰਦੇ ਵੀ ਦੇਸੀ ਹਾਂ ਪੀਂਦੇ ਵੀ ਦੇਸੀ ਹਾਂ, ਵਿਸਕੀ ਦੀ ਬੋਤਲ ਵਰਗੀ, ਬੋਤਲਾਂ ਸ਼ਰਾਬ ਦੀਆਂ ਅੱਖਾਂ ਤੇਰੀਆਂ ਆਦਿ ਗੀਤ ਵਿਆਹ ਸਮਾਗਮਾਂ ਵਿਚ ਆਮ ਸੁਣਨ ਨੂੰ ਮਿਲ ਜਾਂਦੇ ਹਨ ਜਿਨ੍ਹਾਂ ਉਤੇ ਨਾ ਕੇਵਲ ਬੱਚੇ ਅਤੇ ਨੌਜਵਾਨ ਬਲਕਿ ਵਡੇਰੀ ਉਮਰ ਵਾਲੇ, ਪੜ੍ਹੇ ਲਿਖੇ ਅਤੇ ਉੱਚ ਅਹੁਦਿਆਂ ਉਤੇ ਸੁਭਾਇਮਾਨ ਵਿਅਕਤੀ ਵੀ ਮੂਰਖਾਂ ਵਾਂਗ ਨੱਚਦੇ-ਟੱਪਦੇ ਦਿਖਾਈ ਦਿੰਦੇ ਹਨ।

ਇਸ ਲਈ ਸਰਕਾਰਾਂ, ਸਿੱਖਿਆ ਸੰਸਥਾਵਾਂ, ਸਮਾਜ ਸੇਵੀ ਅਤੇ ਧਾਰਮਿਕ ਸੰਸਥਾਵਾਂ ਨੂੰ ਵੱਖ-ਵੱਖ ਸੈਮੀਨਾਰਾਂ, ਫ਼ਿਲਮਾਂ, ਡਾਕੂਮੈਂਟਰੀਆਂ, ਗੀਤਾਂ, ਪੁਸਤਕਾਂ, ਪ੍ਰਤੀਯੋਗਤਾਵਾਂ ਅਤੇ ਰੈਲੀਆਂ ਆਦਿ ਦੁਆਰਾ ਨੌਜਵਾਨਾਂ ਨੂੰ ਸਾਦੇ ਵਿਆਹ ਕਰਨ ਲਈ ਵੱਧ ਤੋਂ ਵੱਧ ਜਾਗਰੂਕ ਤੇ ਪ੍ਰੇਰਿਤ ਕਰਨਾ ਚਾਹੀਦਾ ਹੈ ਅਤੇ ਨਾਲ ਹੀ ਵਿਆਹ ਸਮਾਗਮਾਂ ਵਿਚ ਹੋ ਰਹੀ ਵਿਖਾਵੇਬਾਜ਼ੀ ਅਤੇ ਸ਼ਰਾਬ ਦੇ ਨਸ਼ੇ ਵਿਚ ਕੀਤੀ ਜਾਂਦੀ ਹੁੱਲੜਬਾਜ਼ੀ ਦੇ ਸਖ਼ਤ ਵਿਰੋਧ ਵਿਚ ਐਸਾ ਜਨ ਅੰਦੋਲਨ ਪੈਦਾ ਕਰਨਾ ਚਾਹੀਦਾ ਹੈ ਜਿਸ ਨਾਲ ਅਸੀਂ ਜਲਦ ਹੀ ਇਕ ਵਿਕਸਤ, ਸਿਹਤਮੰਦ ਅਤੇ ਖੁਸ਼ਹਾਲ ਪੰਜਾਬ ਦੀ ਸਿਰਜਣਾ ਕਰ ਸਕੀਏ।

## ਗ਼ੈਰ ਜ਼ਿੰਮੇਦਾਰ ਵਿਹਾਰ

ਵਿਆਹਾਂ/ਭੋਗਾਂ ਸਮੇਂ ਆਡੰਬਰ ਤੇ ਫਜ਼ੂਲ ਖਰਚੀ ਗ਼ੈਰ ਜ਼ਿੰਮੇਦਾਰ ਵਿਹਾਰ ਹੈ। ਇੰਝ ਗਰੀਬ ਵੀ ਰੀਸ ਕਰਦਾ ਹੈ ਤੇ ਸਦਾ ਲਈ ਕਰਜ਼ੇ ਦੇ ਬੋਝ ਹੇਠ ਦਬ ਜਾਂਦਾ ਹੈ।

ਜਾਗੋ! ਤਿਆਗੋ!!

# ਫ਼ਜ਼ੂਲ ਖਰਚੀ – ਆਪ ਸਹੇੜੀ ਮੁਸੀਬਤ

**– ਅਮਨਦੀਪ ਕੌਰ ਮਾਨ ਭੂੰਦੜੀ**

ਜਿਉਂ-ਜਿਉਂ ਸਭਿੱਅਤਾ ਵਿਕਾਸ ਕਰਦੀ ਜਾ ਰਹੀ ਹੈ, ਤਿਉਂ-ਤਿਉਂ ਅਸੀਂ ਬਹੁਤ ਕੁਝ ਨਵਾਂ ਗ੍ਰਹਿਣ ਕਰਦੇ ਜਾ ਰਹੇ ਹਾਂ ਅਤੇ ਮੁਕਾਬਲੇ ਦੀ ਦੌੜ ਵਿਚ ਬਹੁਤ ਕੁਝ ਪਿੱਛੇ ਛੁੱਟਦਾ ਜਾ ਰਿਹਾ ਹੈ। ਪਰਿਵਾਰਕ ਬਣਤਰ ਤੋਂ ਲੈ ਕੇ ਸਾਡੇ ਸਭ ਕਿਸਮ ਦੇ ਕਾਰ ਵਿਹਾਰ, ਰੀਤਾਂ, ਰਸਮਾਂ ਵਿਚ ਭਾਰੀ ਤਬਦੀਲੀ ਆਈ ਹੈ। ਅਸਲੀਅਤ ਤੋਂ ਵੱਧ ਕੇ ਨਕਲੀਪਣ ਦਾ ਬੋਲਬਾਲਾ ਹੋ ਚੁੱਕਾ ਹੈ। ਹਰ ਮਨੁੱਖ ਦੀ ਦਿਲੀ ਖੁਆਇਸ਼ ਹੁੰਦੀ ਹੈ ਕਿ ਲੋਕ ਉਸ ਦੀ ਵਡਿਆਈ ਅਤੇ ਸ਼ੋਭਾ ਕਰਨ। ਵਿਖਾਵੇ ਦੀ ਇਸ ਹੋੜ ਕਾਰਨ ਅੱਜ ਦਾ ਇਨਸਾਨ ਵਿੱਤੋਂ ਬਾਹਰਾ ਜ਼ੋਰ ਲਗਾ ਕੇ ਵਿਖਾਵਾ ਕਰ ਰਿਹਾ ਹੈ। ਮਨੁੱਖ ਦੇ ਇਸ ਕਰਮ ਨੇ ਫਜ਼ੂਲ ਖਰਚੀ ਨੂੰ ਜਨਮ ਦਿੱਤਾ ਹੈ।

ਫਜ਼ੂਲ ਖਰਚੀ ਮਨੁੱਖ ਦੀ ਆਪ ਸਹੇੜੀ ਮੁਸੀਬਤ ਬਣ ਚੁੱਕੀ ਹੈ ਜਿਸ ਨੇ ਪੂਰੇ ਸਮਾਜ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। **ਫਜ਼ੂਲ ਖਰਚੀ ਸਮਾਜਿਕ ਬੁਰਾਈ ਦਾ ਰੂਪ ਧਾਰਨ ਕਰ ਚੁੱਕੀ ਹੈ।** ਵਾਧੂ ਖਰਚ ਵਿਖਾਵੇ ਲਈ ਹੀ ਕੀਤਾ ਜਾਂਦਾ ਹੈ। ਸਭ ਕਿਸਮ ਦੇ ਪਰਿਵਾਰਕ ਪ੍ਰੋਗਰਾਮ ਜਿਵੇਂ ਵਿਆਹ, ਮੰਗਣਾ, ਵਰ੍ਹੇਗੰਢ, ਜਨਮ ਦਿਨ, ਲੋਹੜੀ, ਹੋਰ ਤਾਂ ਹੋਰ ਅੱਜਕਲ੍ਹ ਦੇ ਮਰਗ ਦੇ ਭੋਗ-ਮਕਾਣਾਂ ਹੀ ਮਾਣ ਨਹੀਂ। ਪੰਜਾਬੀ ਸਮਾਜ ਵਿਚ ਕੀਤੇ ਜਾਣ ਵਾਲੇ ਮਰਗ ਦੇ ਭੋਗ ਆਦਿ ਵੀ ਵਿਆਹਾਂ ਦਾ ਹੀ ਭੁਲੇਖਾ ਪਾਉਂਦੇ ਹਨ ਤੇ ਵਿਆਹਾਂ ਦਾ ਤਾਂ ਕਹਿਣਾ ਹੀ ਕੀ ਹੈ। ਕੁਝ ਘੰਟਿਆਂ ਵਿਚ ਕਰੋੜਾਂ ਰੁਪਏ ਫੋਕੀ ਵਾਹ-ਵਾਹ ਲਈ ਰੋੜ੍ਹ ਦਿੱਤੇ ਜਾਂਦੇ ਹਨ। ਅਜਿਹੀ ਫਜ਼ੂਲ ਖਰਚੀ ਦੇ ਚਰਚੇ ਕੁਝ ਘੰਟਿਆਂ ਜਾਂ ਦਿਨਾਂ ਦੇ ਹੀ ਹੁੰਦੇ ਹਨ ਪਰੰਤੂ ਇਸ ਦੇ ਪ੍ਰਭਾਵ ਚਿਰ ਸਥਾਈ ਹੁੰਦੇ ਹਨ।

ਇਕ ਵਾਰ ਦੇ ਕੀਤੇ ਅਜਿਹੇ ਫਜ਼ੂਲ ਖਰਚਿਆਂ ਨਾਲ ਅਨੇਕਾਂ ਪਰਿਵਾਰਾਂ ਦੀ ਆਰਥਿਕਤਾ ਨੂੰ ਲਕਵਾ ਮਾਰ ਜਾਂਦਾ ਹੈ। ਕਰਜ਼ੇ ਦੀਆਂ ਪੰਡਾਂ ਭਾਰੀਆਂ ਹੁੰਦੀਆਂ ਜਾ ਰਹੀਆਂ ਹਨ। ਸੀਮਤ ਆਮਦਨ ਅਤੇ ਖੇਤੀ 'ਤੇ ਨਿਰਭਰ ਪਰਿਵਾਰ ਲਈ ਵਿਆਹ ਮੰਗਣੇ ਖੁਸ਼ੀਆਂ ਦੇਣ ਦੀ ਥਾਂ ਪਰਿਵਾਰਾਂ ਦੇ ਪਤਨ ਦਾ ਕਾਰਨ ਬਣ ਰਹੇ ਹਨ। ਅੱਜ ਅਜਿਹੀ ਫਜ਼ੂਲ ਖਰਚੀ ਤੋਂ ਬਚਣਾ ਸਮੇਂ ਦੀ ਜ਼ਰੂਰਤ ਬਣ ਚੁੱਕੀ ਹੈ। ਜੇਕਰ ਅਸੀਂ ਗੁਰੂ ਸਹਿਬਾਨਾਂ ਦੇ ਦੱਸੇ ਰਸਤੇ 'ਤੇ ਚੱਲੀਏ ਤੇ ਸਮਾਜ ਵਿਚ ਜਾਗ੍ਰਿਤੀ ਫੈਲਾਈਏ ਤਾਂ ਵਿਆਹ ਮੰਗਣੇ ਦੇ ਕਾਰਜ ਸੱਚਮੁੱਚ ਆਨੰਦਮਈ ਹੋ ਜਾਣਗੇ।

(ਧੰਨਵਾਦ ਸਹਿਤ – 'ਅਜੀਤ')

...ਤੇ ਹੁਣ ਮਰਨਾ ਵੀ ਹੋਇਆ ਮਹਿੰਗਾ

# ਕੋਈ ਫ਼ਰਕ ਨਹੀਂ ਰਹਿ ਗਿਆ ਮ੍ਰਿਤਕ ਦੇ ਭੋਗ ਅਤੇ ਵਿਆਹ ਵਾਲੀ ਰੋਟੀ ਵਿਚ

**– ਪ੍ਰਿਤਪਾਲ ਸਿੰਘ**

ਜਿਉਂ-ਜਿਉਂ ਸਿੱਖ ਧਨਾਢ ਹੋ ਰਹੇ ਹਨ, ਸਿੱਖੀ ਕਮਜ਼ੋਰ ਹੋ ਰਹੀ ਹੈ, ਰਹਿਤ ਮਰਿਆਦਾ ਕੀ ਹੈ, ਸਿੱਖੀ ਦੇ ਸਿਧਾਂਤ ਕੀ ਹਨ, ਕਿਸੇ ਨੂੰ ਯਾਦ ਨਹੀ। ਨਾ ਇਨ੍ਹਾਂ ਉੱਪਰ ਕੋਈ ਅਮਲ ਕਰਨ ਲਈ ਤਿਆਰ ਹੈ। ਜਿਉਂ-ਜਿਉਂ ਲੋਕਾਂ 'ਤੇ ਪੈਸੇ ਦੀ ਵਰਖਾ ਹੋ ਰਹੀ ਹੈ, ਤਿਉਂ-ਤਿਉਂ ਲੋਕ ਦੁੱਖ ਦਾ ਦਰਦ ਘੱਟ ਤੇ ਸੁਖ ਦਾ ਅਨੰਦ ਵਧੇਰੇ ਮਾਣਨ ਵਿਚ ਲੱਗੇ ਹੋਏ ਹਨ।

ਆਮ ਦੇਖਣ ਵਿਚ ਆਇਆ ਹੈ ਕਿ ਅੱਜਕਲ੍ਹ ਗੁਰਦੁਆਰਿਆਂ ਵਿਚ ਕਿਸੇ ਮ੍ਰਿਤਕ ਪ੍ਰਾਣੀ ਦੇ ਭੋਗ ਸਮੇਂ ਜੋ ਰੋਟੀ ਕੀਤੀ ਜਾਂਦੀ ਹੈ, ਉਹ ਕਿਸੇ ਵਿਆਹ ਵਾਲੀ ਰੋਟੀ ਤੋਂ ਘੱਟ ਨਹੀਂ ਹੁੰਦੀ। ਜਦੋਂ ਭੋਗ ਵੇਲੇ ਅਰਦਾਸ ਕੀਤੀ ਜਾਂਦੀ ਹੈ ਤਾਂ ਪਰਿਵਾਰ ਵੱਲੋਂ ਸੰਗਤਾਂ ਨੂੰ ਵਾਰ-ਵਾਰ ਬੇਨਤੀ ਕੀਤੀ ਜਾਂਦੀ ਹੈ ਕਿ ਉਹ 'ਗੁਰੂ ਕਾ ਲੰਗਰ' ਛੱਕ ਕੇ ਜਾਣ। ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਅੱਜਕਲ੍ਹ 'ਗੁਰੂ ਕਾ ਲੰਗਰ' ਸ਼ਬਦ ਦੀ ਵਰਤੋਂ ਗ਼ਲਤ ਕੀਤੀ ਜਾ ਰਹੀ ਹੈ। ਇਹ ਗੱਲ ਸਮਝ ਲਓ ਕਿ ਆਮ ਰੋਟੀ ਅਤੇ ਗੁਰੂ ਕੇ ਲੰਗਰ ਵਿਚ ਬਹੁਤ ਫ਼ਰਕ ਹੈ।

ਲੰਗਰ ਉਹ ਹੁੰਦਾ ਹੈ ਜੋ ਸੰਗਤਾਂ ਜਾਂ ਸੇਵਾਦਾਰ ਮਿਲ ਕੇ ਹੱਥੀਂ ਸੇਵਾ ਕਰਕੇ ਤਿਆਰ ਕਰਨ, ਲੰਗਰ ਦੀ ਤਿਆਰੀ ਵੇਲੇ ਗੁਰਮਰਿਆਦਾ ਦਾ ਪੂਰਾ ਪਾਲਣ ਕੀਤਾ ਜਾਵੇ। ਉਸ ਲਈ ਜ਼ਰੂਰੀ ਹੈ ਕਿ ਬੀਬੀਆਂ ਅਤੇ ਵੀਰ ਰਲ ਕੇ ਲੋਹਾਂ 'ਤੇ ਪ੍ਰਸ਼ਾਦੇ ਤਿਆਰ ਕਰਨ ਤੇ ਸਬਜ਼ੀ ਤੇ ਦਾਲਾਂ ਆਦਿ ਬਣਾਉਣ। ਲੰਗਰ ਦੀ ਤਿਆਰੀ ਵੇਲੇ ਪਾਠ ਕੀਤਾ ਜਾਵੇ ਜਾਂ ਸ਼ਬਦ ਪੜ੍ਹੇ ਜਾਣ। ਸਾਰਿਆਂ ਦੇ ਸਿਰ ਢਕੇ ਹੋਣ। ਪਰ ਆਮ ਦੇਖਣ ਵਿਚ ਆਇਆ ਹੈ ਕਿ ਅੱਜਕਲ੍ਹ ਰੋਟੀ, ਜਿਸ ਨੂੰ ਅਸੀਂ ਲੰਗਰ ਦਾ ਨਾਂਅ ਦਿੰਦੇ ਹਾਂ, ਉਹ ਕੈਟਰਿੰਗ ਵਾਲੇ ਹਲਵਾਈ ਜਾਂ ਫਿਰ ਭਾੜੇ 'ਤੇ ਲਿਆਂਦੇ ਹੋਏ ਕਰਿੰਦੇ ਤਿਆਰ ਕਰਦੇ ਹਨ। ਲੰਗਰ ਵਿਚ ਰੁਮਾਲੀ ਰੋਟੀ ਤਿਆਰ ਕਰਨੀ ਇਕ ਪਿਰਤ ਬਣ ਗਈ ਹੈ। ਲੰਗਰ ਵਾਲੀ ਸੁੱਚਮਤਾ ਜਾਂ ਗੁਰਮਰਿਆਦਾ ਦਾ ਕੋਈ ਖਿਆਲ ਨਹੀਂ ਰੱਖਿਆ ਜਾਂਦਾ।

ਲੰਗਰ ਛੱਕਣ ਵੇਲੇ ਆਮ ਕਰਕੇ ਕੁਰਸੀਆਂ ਦੀ ਵਰਤੋਂ ਹੋਣ ਲੱਗ ਪਈ ਹੈ। ਜੋੜੇ ਵੀ ਉਤਾਰੇ ਨਹੀਂ ਜਾਂਦੇ। ਪੁਰਾਤਨ ਪਰੰਪਰਾ ਅਨੁਸਾਰ ਗੁਰੂ ਕਾ ਲੰਗਰ ਸਾਦਾ ਹੁੰਦਾ ਸੀ, ਜਿਸ ਵਿਚ ਪ੍ਰਸ਼ਾਦੇ, ਦਾਲ, ਸਬਜ਼ੀ ਜਾਂ ਖੀਰ ਬਣਾਈ ਜਾਂਦੀ ਸੀ। ਸਾਰੇ ਪੰਗਤ

ਵਿਚ ਬੈਠ ਪੱਤਲਾਂ ਉਪਰ ਲੰਗਰ ਛਕਦੇ ਸਨ। ਅਕਸਰ ਦੇਖਣ ਵਿਚ ਆਇਆ ਹੈ ਕਿ ਮ੍ਰਿਤਕ ਦੇ ਭੋਗ ਵੇਲੇ ਜੋ ਲੰਗਰ ਤਿਆਰ ਕੀਤਾ ਜਾਂਦਾ ਹੈ, ਉਸ ਲਈ ਪੰਗਤ ਦੀ ਬਜਾਏ ਕੁਰਸੀਆਂ ਤੇ ਮੇਜ਼ਾਂ ਦੀ ਵਰਤੋਂ ਕੀਤੀ ਜਾਂਦੀ ਹੈ। ਵਿਆਹ ਵਾਂਗ ਵੱਖੋ-ਵੱਖਰੇ ਪਕਵਾਨਾਂ ਦੇ ਸਟਾਲ ਲਗਾਏ ਜਾਂਦੇ ਹਨ। ਮਿੱਸੀਆਂ ਰੋਟੀਆਂ, ਚੌਲ, ਦਹੀਂ-ਭੱਲੇ, ਦਾਲ ਮੱਖਣੀ, ਪਨੀਰ ਪਾਲਕ, ਸੁੱਕੇ ਛੋਲੇ, ਮਿਕਸ ਸਬਜ਼ੀ, ਆਈਸ ਕ੍ਰੀਮ, ਰਬੜੀ ਜਲੇਬੀ, ਹਲਵਾ, ਕੋਲਡ ਡਰਿੰਕ ਤੇ ਕੌਫੀ ਆਦਿ ਸੰਗਤ ਵਾਸਤੇ ਤਿਆਰ ਕੀਤੀ ਜਾਂਦੀ ਹੈ। **ਸੋਗ ਵਾਲਾ ਲੰਗਰ ਛਕਣ ਵੇਲੇ ਇਹ ਮਹਿਸੂਸ ਹੁੰਦਾ ਕਿ ਅਸੀਂ ਮ੍ਰਿਤਕ ਦੇ ਭੋਗ ਵਿਚ ਨਹੀਂ, ਬਲਕਿ ਕਿਸੇ ਵਿਆਹ ਵਿਚ ਸ਼ਾਮਿਲ ਹੋਣ ਲਈ ਆਏ ਹਾਂ।** ਇਹ ਦੇਖ ਕੇ ਇੰਜ ਲਗਦਾ ਹੈ ਕਿ ਗੁਰਮਰਿਆਦਾ ਉਡ-ਪੁਡ ਗਈ ਹੈ। ਗੁਰਦੁਆਰਾ ਕਮੇਟੀਆਂ ਵੀ ਚੁੱਪ ਹਨ। ਉਹ ਵੀ ਸਭ ਕੁਝ ਦੇਖ ਕੇ ਅਣਡਿੱਠ ਕਰ ਰਹੀਆਂ ਹਨ। ਪਤਾ ਨਹੀਂ ਗੁਰਦੁਆਰਾ ਕਮੇਟੀਆਂ ਕਿਉਂ ਚੁੱਪ ਹਨ?

ਭੋਗ ਵੇਲੇ ਸ਼ਰਧਾਂਜਲੀਆਂ ਦੇਣੀਆਂ ਸਿੱਖ ਧਰਮ ਵਿਚ ਮਨ੍ਹਾਂ ਹਨ ਪਰ ਅਸੀਂ ਰੋਕ ਨਹੀਂ ਸਕਦੇ, ਕਿਉਂਕਿ ਉਸ ਵੇਲੇ ਮ੍ਰਿਤਕ ਪ੍ਰਾਣੀ ਦੀ ਤਾਰੀਫ਼ ਘੱਟ ਤੇ ਘਰ-ਪਰਿਵਾਰ ਦੇ ਮੈਂਬਰਾਂ ਦੀ ਜ਼ਿਆਦਾ ਹੋ ਰਹੀ ਹੁੰਦੀ ਹੈ। ਇਸ ਚੱਕਰ ਵਿਚ ਭੋਗ ਵੀ ਘੰਟਾ-ਡੇਢ ਘੰਟਾ ਲੇਟ ਹੋ ਜਾਂਦਾ ਹੈ। ਉਦੋਂ ਬੈਠੇ ਘੁਸਰ-ਮੁਸਰ ਤਾਂ ਸਾਰੇ ਕਰਦੇ ਹਨ, ਫ਼ੈਸਲਾ ਕੋਈ ਨਹੀਂ ਕਰਦੇ। ਖ਼ਾਲਸਾ ਜੀ, ਸੰਭਲੋ। **ਗੁਰੂ ਦੀ ਗੱਲ ਕਰੋ ਅਤੇ ਮੰਨੋ। ਝੂਠੇ ਵਿਖਾਵੇ ਛੱਡੋ।** ਇਸ ਵੇਲੇ ਹਾਲਤ ਇਹ ਹੋ ਗਈ ਹੈ ਕਿ ਗ਼ਰੀਬ ਲਈ ਮਰਨਾ ਵੀ ਔਖਾ ਹੋ ਗਿਆ ਹੈ, ਕਿਉਂਕਿ ਖਰਚਿਆਂ ਨੂੰ ਘੱਟ ਕਰਨ ਵੱਲ ਕੋਈ ਨਹੀਂ ਚੱਲ ਰਿਹਾ।

ਗੁਰੂ-ਘਰ ਵਿਚ ਵੀ ਸਾਦਗੀ ਨਾਂਅ ਦੀ ਕੋਈ ਗੱਲ ਨਹੀਂ ਰਹਿ ਗਈ। ਅੱਗੇ ਜਦੋਂ ਕਿਸੇ ਦੇ ਘਰ ਕੋਈ ਪ੍ਰਾਣੀ ਮਰਦਾ ਸੀ ਤਾਂ ਹਫ਼ਤਾ-ਦਸ ਦਿਨ ਸੋਗ ਰਹਿੰਦਾ ਸੀ। ਚੁੱਲ੍ਹੇ 'ਤੇ ਰੋਟੀ ਨਹੀਂ ਸੀ ਪੱਕਦੀ। ਗੁਆਂਢੀ ਜਾਂ ਰਿਸ਼ਤੇਦਾਰ ਰੋਟੀ ਦੀ ਸੇਵਾ ਕਰਦੇ ਸਨ। ਭੋਗ ਵਾਲੇ ਦਿਨ ਸਿਰਫ ਘਰ ਦੇ ਰਿਸ਼ਤੇਦਾਰ ਰੋਟੀ ਖਾਂਦੇ ਸਨ। ਪਰ ਹੁਣ ਜ਼ਮਾਨਾ ਬਦਲ ਗਿਆ ਹੈ। ਅੰਤਿਮ ਸੰਸਕਾਰ ਤੋਂ ਬਾਅਦ ਘਰ ਵਿਚ ਸਾਰੇ ਕਾਰਜ ਹੋਣੇ ਸ਼ੁਰੂ ਹੋ ਜਾਂਦੇ ਹਨ। ਅਸੀਂ ਚਾਹੁੰਦੇ ਹਾਂ ਕਿ ਵਿਆਹ ਵੀ ਸਾਦੇ, ਗੁਰਮਰਿਆਦਾ ਅਨੁਸਾਰ, ਮੈਰਿਜ ਪੈਲੇਸਾਂ ਦੀ ਬਜਾਏ ਗੁਰਦੁਆਰਿਆਂ ਵਿਚ ਕੀਤੇ ਜਾਣ। **ਵਿਆਹਾਂ 'ਤੇ ਖਰਚ ਕਰਨ ਦੀ ਬਜਾਏ ਉਹ ਮਾਇਆ ਲੋੜਵੰਦ ਸੰਸਥਾਵਾਂ ਨੂੰ ਦਾਨ ਵਜੋਂ ਦਿੱਤੀ ਜਾ ਸਕਦੀ ਹੈ।**

(ਧੰਨਵਾਦ ਸਹਿਤ - ਅਜੀਤ)

# ਚੱਪਾ ਕੁ ਚੰਨ ਤੇ ਮੁੱਠ ਕੁ ਤਾਰੇ......

**– ਡਾ. ਸ਼ੀਤਲ ਥਾਪਰ**
ਪ੍ਰੋਫੈਸਰ, ਪੱਤਰਕਾਰੀ

**ਚੱਪਾ ਕੁ ਚੰਨ ਤੇ ਮੁੱਠ ਕੁ ਤਾਰੇ ਸਾਡਾ ਮੱਲ ਬੈਠੇ ਅਸਮਾਨ**
**ਸਾਡੀਆਂ ਭੁੱਖਾਂ ਇੰਨੀਆਂ ਵੱਡੀਆਂ**
**ਪਰ ਓ ਦਾਤਾ ਤੇਰੇ ਦਾਨ .........**
**ਮੁੱਠ ਕੁ ਤਾਰੇ ਤੌਂਕ ਕੇ**
**ਤੇ ਚੱਪਾ ਕੁ ਚੰਨ ਸੁੱਟ ਕੇ ਸਬਰ ਸਾਡਾ ਅਜ਼ਮਾਨ**

ਸਮਾਜ ਦੀ ਕਾਣੀ ਆਰਥਿਕ ਵੰਡ ਵਲ ਇਸ਼ਾਰਾ ਕਰਦੀਆਂ ਅੰਮ੍ਰਿਤਾ ਪ੍ਰੀਤਮ ਦੀਆਂ ਉਪਰੋਕਤ ਸਤਰ੍ਹਾਂ ਦੇਸ਼ ਦੀ ਅਜ਼ਾਦੀ ਦੇ ਸੱਤਰ ਸਾਲ ਬੀਤ ਜਾਣ ਦੇ ਬਾਅਦ ਵੀ ਹੋਇਆਂ ਅਤੇ ਅਣਹੋਇਆਂ ਵਿਚਲੇ ਫਰਕ ਦੀ ਨਿਤਾਪ੍ਰਤੀ ਗੂੜ੍ਹੀ ਹੋ ਰਹੀ ਲਕੀਰ ਦੇ ਕੌੜੇ ਸੱਚ ਦਾ ਪ੍ਰਗਟਾਵਾ ਕਰਦੀਆਂ ਹਨ। ਆਰਥਿਕ ਤੌਰ ਤੇ ਮਜ਼ਬੂਤ ਉੱਚ ਵਰਗ ਨੇ ਸਮੁੱਚੇ ਸਮਾਜਿਕ ਤਾਣੇ-ਬਾਣੇ ਨੂੰ ਇਸ ਕਦਰ ਆਪਣੀ ਜਕੜ ਵਿਚ ਲੈ ਲਿਆ ਕਿ ਸਦੀਆਂ ਪੁਰਾਣਾ ਪੰਜਾਬੀ ਸਭਿਆਚਾਰ ਵੀ ਉਨ੍ਹਾਂ ਦੀ ਦਖਲ ਅੰਦਾਜੀ ਤੋਂ ਵਿਰਵਾਂ ਨਹੀਂ ਰਹਿ ਸਕਿਆ। ਆਪਣੀ ਵਿਅਕਤੀਗਤ ਅਤੇ ਸੁਤੰਤਰ ਹੋਂਦ ਗੁਆ ਚੁੱਕਾ ਮੱਧ ਵਰਗ ਅਤੇ ਨਿਮਨ ਵਰਗ ਦਮ ਘੁੱਟਵੇਂ ਇਸ ਮਾਹੌਲ ਵਿਚ ਬੇਵੱਸ ਹੁੰਦਾ ਹੋਇਆ ਆਪਣੀਆਂ ਸਥਿਤੀਆਂ ਨਾਲ ਸਮਝੌਤਾ ਕਰਦਾ ਉੱਚ ਵਰਗ ਦਾ ਪਿੱਛਲੱਗ ਬਣਦਾ ਨਜ਼ਰ ਆ ਰਿਹਾ ਹੈ। ਜਿਸ ਸਦਕਾ ਸਾਡੇ ਅਮੀਰ ਸਭਿਆਚਾਰਕ ਵਿਰਸੇ ਨੂੰ ਵੀ ਬੁਰੀ ਤਰ੍ਹਾਂ ਢਾਹ ਲੱਗ ਰਹੀ ਹੈ। ਇਸ ਲੇਖ ਵਿਚ ਪੰਜਾਬੀ ਸਭਿਆਚਾਰ ਦੇ ਸਾਰੇ ਪੱਖਾਂ ਨੂੰ ਨਾ ਵਿਚਾਰਦੇ ਹੋਏ ਅਸੀਂ ਅਰਥ ਭਰਪੂਰ ਰਹੁ ਰੀਤਾਂ ਰਸਮਾਂ ਰਿਵਾਜਾਂ ਅਤੇ ਇਨ੍ਹਾਂ ਨਾਲ ਜੁੜੇ ਸਮਾਗਮਾਂ ਦੇ ਅਰਥਹੀਣਤਾ ਵਲ ਵਧਦੇ ਸਫ਼ਰ ਵਲ ਇਕ ਝਾਤ ਮਾਰਦੇ ਹਾਂ।

ਰਸਮੋ-ਰਿਵਾਜ਼, ਰਹੁ-ਰੀਤਾਂ, ਪ੍ਰੰਪਰਾਵਾਂ ਮੇਰੇ ਰੰਗਲੇ ਪੰਜਾਬ ਦੇ ਵੰਨ-ਸੁਵੰਨੇ ਸਭਿਆਚਾਰ ਦੇ ਅਨਿੱਖੜਵੇਂ ਅੰਗ ਹਨ, ਜੋ ਜਨਮ ਤੋਂ ਲੈ ਕੇ ਅੰਤ ਤੱਕ ਸਾਡਾ ਸਾਥ ਨਿਭਾਉਂਦੇ ਨਹੀਂ ਥੱਕਦੇ। ਨੀਰਸ ਅਤੇ ਉਤਸ਼ਾਹਹੀਣ ਜ਼ਿੰਦਗੀ ਨੂੰ ਗਤੀਸ਼ੀਲਤਾ ਪ੍ਰਦਾਨ ਕਰਨ , ਭਾਈਚਾਰਕ ਸਾਂਝਾਂ ਵਧਾਉਣ, ਖੁਸ਼ੀਆਂ ਨੂੰ ਚਾਰ ਚੰਨ ਲਾਉਣ ਅਤੇ ਗਮੀਆਂ ਨੂੰ ਘਟਾਉਣ ਵਿੱਚ ਇਨ੍ਹਾਂ ਦੀ ਅਹਿਮ ਭੂਮਿਕਾ ਤੋਂ ਅਸੀਂ ਇਨਕਾਰੀ ਨਹੀਂ ਹੋ ਸਕਦੇ। ਲੋਕ-ਮਨਾਂ ਦੀਆਂ ਸੱਧਰਾਂ, ਰੀਝਾਂ, ਵਲਵਲਿਆਂ ਅਰਮਾਨਾਂ ਅਤੇ ਜਜ਼ਬਿਆਂ ਦੀ ਤਰਜ਼ਮਾਨੀ ਕਰਦੇ ਇਹ ਰਸਮੋ-ਰਿਵਾਜ਼ ਦਰਅਸਲ ਪ੍ਰਚਲਿਤ ਕਰਮ-ਕਾਂਡ, ਪੂਜਾ ਵਿਧੀਆਂ, ਪ੍ਰਥਾਵਾਂ ਅਤੇ ਸੰਸਕਾਰਾਂ ਦਾ ਸਮੂਹ ਹੀ ਹੁੰਦੇ ਹਨ, ਜਿਨ੍ਹਾਂ ਨੂੰ ਨਿਭਾਉਣ

ਪਿੱਛੇ ਕਈ ਤਰ੍ਹਾਂ ਦੇ ਤਰਕ, ਦਲੀਲਾਂ ਅਤੇ ਲੋਕ ਮਾਨਸਿਕਤਾ ਆਪਣਾ ਕਾਰਜ ਕਰ ਰਹੀ ਹੁੰਦੀ ਹੈ। ਆਪਣੇ ਦੁੱਖਾਂ-ਸੁੱਖਾਂ ਅਤੇ ਖੁਸ਼ੀਆਂ-ਗਮੀਆਂ ਨੂੰ ਸਾਕ-ਸੰਬੰਧੀਆਂ ਅਤੇ ਭਾਈਚਾਰੇ ਨਾਲ ਸਾਂਝਾ ਕਰਨਾ ਹਰ ਮਨੁੱਖ ਦੀ ਵਿਅਕਤੀਗਤ, ਸਮੂਹਿਕ ਅਤੇ ਮਾਨਸਿਕ ਲੋੜ ਹੈ, ਜਿਸਦੀ ਪੂਰਤੀ ਲਈ ਉਸ ਵਲੋਂ ਅਪਣਾਏ ਢੰਗ-ਤਰੀਕੇ, ਕਰਮ-ਕਾਂਡ, ਵਿਧੀ-ਵਰਤਾਰੇ ਸੰਸਕਾਰ ਆਦਿ ਹੌਲੀ ਹੌਲੀ ਪਿਰਤਾਂ-ਪ੍ਰੰਪਰਾਵਾਂ ਦਾ ਰੂਪ ਧਾਰਨ ਕਰ ਗਏ। ਧਰਮ-ਸ਼ਾਸਤਰਾਂ ਨਾਲ ਰਲਗੱਡ ਹੋ ਕੇ ਇਹ ਵਿਧੀ ਵਿਧਾਨ ਲੋਕ ਸੰਸਕਾਰਾਂ ਦੀ ਪ੍ਰਣਾਲੀ ਪ੍ਰਥਾ ਦਾ ਜ਼ਰੂਰੀ ਅੰਗ ਬਣ ਗਏ।

ਮਾਨਵੀ ਜੀਵਨ ਵਿੱਚ ਜਨਮ, ਵਿਆਹ ਅਤੇ ਮੌਤ ਤਿੰਨ ਅਹਿਮ ਪੜਾਅ ਮੰਨੇ ਜਾਂਦੇ ਹਨ। ਰਸਮੋ ਰਿਵਾਜ਼ ਨਿਭਾਉਂਦੇ ਵਕਤ ਹਰ ਸਮਾਜਿਕ ਵਰਤਾਰਾ ਇਨ੍ਹਾਂ ਤਿੰਨਾਂ ਪੜਾਵਾਂ ਨੂੰ ਬਰਾਬਰ ਦੀ ਅਹਿਮੀਅਤ ਦਿੰਦਾ ਹੈ ਲੇਕਿਨ ਸਮਾਜਿਕ ਹੋਂਦ ਨਾਲ ਜੁੜੇ ਹੋਣ ਕਰਕੇ ਵਿਆਹ ਪ੍ਰਥਾ ਨਿਭਾਉਂਦੇ ਸਮੇਂ ਇਸ ਨਾਲ ਸੰਬੰਧਤ ਰੀਤੀ ਰਿਵਾਜ਼ਾਂ, ਪ੍ਰੰਪਰਾਵਾਂ ਅਤੇ ਸੰਸਕਾਰਾਂ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ। ਸੋ ਇੱਥੇ ਅਸੀਂ ਪੰਜਾਬੀ ਸਮਾਜ ਵਲੋਂ ਵਿਆਹ ਦੌਰਾਨ ਨਿਭਾਈਆਂ ਜਾਂਦੀਆਂ ਰਸਮਾਂ ਦੇ ਸੰਦਰਭ ਵਿੱਚ ਭਾਈਚਾਰਕ ਮੇਲਜੋਲ ਨੂੰ ਵਧਾਉਣ ਲਈ ਕੀਤੇ ਜਾਦੇ ਸਮਾਗਮਾਂ ਬਾਰੇ ਸੰਖੇਪ ਵਿਚਾਰ ਕਰਾਂਗੇ।

ਸਮਾਜਕ ਬਣਤਰ ਦੀ ਦ੍ਰਿਸ਼ਟੀ ਤੋਂ ਪੰਜਾਬ ਵਿੱਚ ਜਾਤਾਂ ਗੋਤਾਂ ਦਾ ਵਡੇਰਾ ਸਿਲਸਿਲਾ ਹੈ। ਇਤਿਹਾਸਕ ਅਤੇ ਭੂਗੋਲਿਕ ਕਾਰਨਾਂ ਸਦਕਾ ਸਭਿਆਚਾਰਕ ਵੰਨ-ਸੁਵੰਨਤਾ ਵੀ ਵੇਖਣ ਨੂੰ ਮਿਲਦੀ ਹੈ। ਅਜਿਹੀ ਸਥਿਤੀ ਵਿੱਚ ਵਿਆਹ ਦੌਰਾਨ ਸਮੁੱਚੇ ਪੰਜਾਬੀ ਭਾਈਚਾਰੇ ਵਲੋਂ ਨਿਭਾਈਆਂ ਜਾਂਦੀਆਂ ਸਾਰੀਆਂ ਰੀਤਾਂ ਨਾਲ ਜੁੜੇ ਸਮਾਗਮਾਂ ਦੀ ਗੱਲ ਕਰਨੀ ਸੰਭਵ ਨਹੀਂ। ਉਂਜ ਵੀ ਬਹੁ-ਜਾਤੀ ਸਮਾਜ ਵਿੱਚ ਅਣਗਿਣਤ ਰੀਤਾਂ ਬਣਦੀਆਂ ਅਤੇ ਟੁੱਟਦੀਆਂ ਰਹਿੰਦੀਆਂ ਹਨ। ਵਿਸ਼ਵੀਕਰਨ ਕਰਕੇ ਨਿਤਾਪ੍ਰਤੀ ਹੋ ਰਹੇ ਸਮਾਜਿਕ ਪਰਿਵਰਤਨ ਦੇ ਅਮਲ ਦੌਰਾਨ ਬਹੁਤ ਸਾਰੀਆਂ ਰੀਤਾਂ ਅਲੋਪ ਹੋ ਰਹੀਆਂ ਹਨ ਅਤੇ ਉਨ੍ਹਾਂ ਦੀ ਥਾਂ ਨਵੀਆਂ ਜਨਮ ਲੈ ਰਹੀਆਂ ਹਨ। ਅਜਿਹਾ ਸਮਾਜਿਕ ਵਰਤਾਰਾ ਨਿਸ਼ਚੈ ਹੀ ਪੰਜਾਬੀ ਸਭਿਆਚਾਰ ਨੂੰ ਗਤੀਸ਼ੀਲਤਾ ਪ੍ਰਦਾਨ ਕਰ ਰਿਹਾ ਹੈ। ਪਰ ਦੂਜੇ ਪਾਸੇ ਇਨ੍ਹਾਂ ਰੀਤੀ ਰਿਵਾਜ਼ਾਂ ਨੂੰ ਨਿਭਾਉਣ ਦੇ ਅਮਲ ਵਿੱਚ ਲੋੜੋਂ ਵੱਧ ਭਾਰੂ ਹੁੰਦਾ ਜਾ ਰਿਹਾ ਆਰਥਿਕ ਵਰਤਾਰਾ ਨਿਮਨ ਵਰਗ ਅਤੇ ਮੱਧ ਵਰਗ ਸ਼੍ਰੇਣੀ ਨਾਲ ਸੰਬੰਧਤ ਬਹੁ ਗਿਣਤੀ ਸਮਾਜ ਲਈ ਬੋਝ ਬਣਦਾ ਜਾ ਰਿਹਾ ਹੈ। **ਵੱਡੇ ਵੱਡੇ ਸਮਾਗਮਾਂ ਦੇ ਰੂਪ ਵਿੱਚ ਵਿਖਾਈ ਜਾ ਰਹੀ ਅਖੌਤੀ ਸ਼ਾਨੋ-ਸ਼ੌਕਤ, ਅੰਨ ਧਨ ਦੀ ਬਰਬਾਦੀ ਕਰਦੀ ਹੋਈ ਕਰਜ਼ਿਆਂ ਦੀ ਪੰਡ ਨੂੰ ਹੋਰ ਭਾਰਾ ਕਰਦੀ ਜਾ ਰਹੀ ਹੈ, ਜਿਨ੍ਹਾਂ ਥੱਲੇ ਦਬਿਆ ਪੰਜਾਬੀ ਸਮਾਜ ਕਦੋਂ ਅਤੇ ਕਿਵੇਂ ਉਭਰ ਸਕੇਗਾ, ਇਹ ਵੱਡੀ ਚਿੰਤਾ ਦਾ ਵਿਸ਼ਾ ਹੈ।** ਜਿਸ ਬਾਰੇ ਸਾਡੇ ਸਮਾਜ ਵਿਗਿਆਨੀਆਂ, ਬੁੱਧੀਜੀਵੀਆਂ, ਵਿਦਵਾਨਾਂ,

ਅਰਥ ਸ਼ਾਸਤਰੀਆਂ, ਸਮਾਜ ਸੇਵੀ ਸੰਸਥਾਵਾਂ, ਚਿੰਤਕਾਂ, ਰਾਜਨੀਤਕ ਨੇਤਾਵਾਂ ਅਤੇ ਧਾਰਮਿਕ ਖੇਤਰ ਨਾਲ ਜੁੜੀਆਂ ਹਸਤੀਆਂ ਨੂੰ ਸਿਰ ਜੋੜ ਕੇ ਵਿਚਾਰ-ਵਟਾਂਦਰਾ ਕਰਨ ਦੀ ਲੋੜ ਹੈ।

ਸਮਾਜਿਕ ਅਤੇ ਸਭਿਆਚਾਰਕ ਵਿਕਾਸ ਵਿਸ਼ਵੀਕਰਨ ਦਾ ਖਾਸਾ ਹੋਣ ਕਰਕੇ ਪੰਜਾਬ ਵੀ ਇਸਤੋਂ ਅਣਭਿੱਜ ਨਹੀਂ ਸੀ ਰਹਿ ਸਕਦਾ। ਆਧੁਨਿਕਤਾ ਦੀ ਦੌੜ ਵਿੱਚ ਸ਼ਾਮਲ ਪੰਜਾਬੀਆਂ ਨੇ ਬਿਨਾਂ ਸ਼ੱਕ ਹਰ ਖੇਤਰ ਵਿੱਚ ਬਹੁਤ ਤਰੱਕੀ ਕੀਤੀ। ਸਖ਼ਤ ਮਿਹਨਤ ਸਦਕਾ ਦੇਸ਼ਾਂ ਵਿਦੇਸ਼ਾਂ ਵਿੱਚ ਖੂਬ ਨਾਮ ਚਮਕਾਇਆ। ਕੱਚਿਆਂ ਕੋਠਿਆਂ, ਦੀ ਥਾਂ ਵੱਡੀਆਂ ਕੋਠੀਆਂ ਮਹਿਲ-ਮੁਨਾਰਿਆਂ ਨੇ ਲੈ ਲਈ। ਖਾਣ-ਪੀਣ, ਪਹਿਣ-ਪਹਿਰਾਵੇ ਅਤੇ ਜੀਵਨ-ਜਾਚ ਦੇ ਮਿਆਰ ਵਿੱਚ ਵਾਧਾ ਹੋਇਆ। ਵਿਖਾਵੇ ਦੇ ਇਸ ਦੌਰ ਵਿੱਚ ਵਿਆਹ ਦੀਆਂ ਰਸਮਾਂ ਨਿਭਾਉਣ ਲਈ ਵੱਡੇ ਵੱਡੇ ਫੰਕਸ਼ਨਾਂ ਦੀ ਗਿਣਤੀ ਵਧੀ। ਕੁੜਮਾਈ, ਰੋਕਾ, ਠਾਕਾ ਜਾਂ ਛੁਹਾਰਾ ਪਾਉਣ ਲਈਂ ਗੁੜ ਦੀ ਰੋੜੀ ਅਤੇ ਇੱਕ ਰੁਪਈਏ ਦੀ ਥਾਂ ਹੀਰੇ-ਸੋਨੇ ਜੜ੍ਹੇ ਗਹਿਣਿਆਂ, ਨੋਟਾਂ ਨਾਲ ਭਰੇ ਬੰਦ ਲਿਫ਼ਾਫਿਆਂ ਅਤੇ ਅਨੇਕ ਪ੍ਰਕਾਰ ਦੀਆਂ ਹੋਰ ਮਹਿੰਗੀਆਂ ਸੁਗਾਤਾਂ ਨੇ ਮੱਲ ਲਈ। **ਵਿਆਹ ਵਾਲੇ ਘਰਾਂ ਵਿੱਚ ਢੋਲਕੀ ਦੀ ਤਾਲ ਤੇ ਤ੍ਰੀਮਤਾਂ ਵਲੋਂ ਗਾਏ ਜਾਂਦੇ ਸ਼ਗਨਾਂ ਵਾਲੇ ਸੁਹਾਗ ਅਤੇ ਘੋੜੀਆਂ ਦੀ ਥਾਂ "ਲੇਡੀਜ਼ ਸੰਗੀਤ" ਵਿੱਚ ਸ਼ੋਰ ਸ਼ਰਾਬਾ ਪਾਉਂਦੇ ਡੀ ਜੇ ਅਤੇ ਪ੍ਰੋਫੈਸ਼ਨਲ ਗਰੁੱਪਾਂ ਨੇ ਲੈ ਲਈ।** ਛੰਦ ਪਰਾਗੇ ਅਤੇ ਸਿੱਠਣੀਆਂ ਲੋਕ ਸਾਹਿਤ ਦੇ ਦਸਤਾਵੇਜ਼ ਵਜੋਂ ਸੀਮਤ ਹੋ ਕੇ ਰਹਿ ਗਏ ਜਾਪਦੇ ਹਨ। ਜਾਗੋ ਵਿੱਚ ਕੁੱਟੇ ਜਾਂਦੇ ਛੱਜ ਅਤੇ ਕੁੜੀਆਂ ਚਿੜੀਆਂ ਵਲੋਂ ਕੀਤਾ ਜਾਂਦਾ ਹਾਸਾ ਠੱਠਾ ਕੇਵਲ ਪੰਜਾਬੀ ਫਿਲਮਾਂ ਦਾ ਸ਼ਿੰਗਾਰ ਬਣ ਕੇ ਰਹਿ ਗਿਆ ਹੈ। ਵਿਆਹ ਦੀਆਂ ਰੌਣਕਾਂ ਰੰਗ ਬਰੰਗੀਆਂ ਝੰਡੀਆਂ, ਲਿਸ਼ਕੌਰੇ ਮਾਰਦੀਆਂ ਚਮਕੀਲੀਆਂ ਲੜੀਆਂ, ਸ਼ਰੀਹਾਂ ਦੇ ਪੱਤਿਆਂ ਅਤੇ ਤੰਬੂ ਕਨਾਤਾਂ ਨਾਲ ਸ਼ਿੰਗਾਰੇ ਬਾਬਲ ਦੇ ਨਿੱਘੇ ਵਿਹੜੇ ਵਿੱਚੋਂ ਨਿਕਲ ਕੇ ਲਸ਼-ਲਸ਼ ਕਰਦੇ ਹੋਟਲਾਂ ਅਤੇ ਵੱਡੇ-ਵੱਡੇ ਮੈਰਿਜ ਪੈਲਸਾਂ ਵਿੱਚ ਜਲਵੇ ਬਖੇਰਦੀਆਂ ਨਜ਼ਰ ਆਉਂਦੀਆਂ ਹਨ।

ਆਰਥਿਕ ਵਰਤਾਵੇ ਦੇ ਭਾਰੂ ਹੋਣ ਨਾਲ ਵਿਖਾਵੇ ਭਰੀ ਮਹਿੰਗੀ ਜੀਵਨ ਸ਼ੈਲੀ, ਵਿਆਹ ਵਰਗੀ ਸਹਿਜ ਸਮਾਜਿਕ ਪ੍ਰਕ੍ਰਿਆ ਨੂੰ ਜਟਿਲ ਕਰ ਰਹੀ ਹੈ। ਸਮੇਂ ਦੇ ਪ੍ਰਚਲਣ ਨਾਲ ਵਿਆਹ ਦੀਆਂ ਪੁਰਾਣੀਆਂ ਅਰਥ ਭਰਪੂਰ ਰਹੁ-ਰੀਤਾਂ ਨਾਲ ਜੁੜੇ ਸਾਦੇ ਜਿਹੇ ਸਮਾਗਮਾਂ ਦੀ ਥਾਂ ਬੈਚਲਰ ਪਾਰਟੀ, ਡੈਸਟੀਨੇਸ਼ਨ ਪਾਰਟੀ, ਰਿੰਗ ਸੈਰਾਮਨੀ, ਬੈਂਗਲ ਸੈਰਾਮਨੀ, ਰਿਸੈਪਸ਼ਨ ਪਾਰਟੀ ਆਦਿ ਨੇ ਲੈ ਲਈ ਜਿਨ੍ਹਾਂ ਨੇ ਸਾਡੇ ਸਮੁੱਚੇ ਸਮਾਜਕ, ਸਭਿਆਚਾਰਕ ਅਤੇ ਆਰਿਥਕ ਤਾਣੇ-ਬਾਣੇ ਨੂੰ ਪੂਰੀ ਤਰ੍ਹਾਂ ਹਿਲਾ ਕੇ ਰੱਖ ਦਿੱਤਾ।

**ਵਿਖਾਵੇ ਦੀ ਇਸ ਦੌੜ ਵਿੱਚ ਮੱਲੋ ਮੱਲੀ ਸ਼ਾਮਲ ਮੱਧ ਵਰਗ ਅਤੇ ਨਿਮਨ ਵਰਗ ਨਾ ਕੇਵਲ ਘੁਟਣ ਮਹਿਸੂਸ ਕਰ ਰਿਹਾ ਹੈ ਬਲਕਿ ਨਵੀਆਂ ਰਹੁ-ਰੀਤਾਂ ਅਤੇ**

**ਸਮਾਗਮਾਂ ਵਿੱਚ ਪੂਰਿਆਂ ਉਤਰਨ ਲਈ ਅਖੌਤੀ ਅਣਖ ਦੀ ਖਾਤਰ ਕਰਜ਼ਿਆਂ ਦੇ ਬੋਝ ਹੇਠਾਂ ਦੱਬਕੇ ਆਪਣੀ ਸਮਾਜਿਕ ਹੋਂਦ ਨੂੰ ਖਤਰੇ ਵਿੱਚ ਵੀ ਪਾ ਰਿਹਾ ਹੈ।** ਦਾਜ ਪ੍ਰਥਾ ਪਹਿਲਾਂ ਹੀ ਮਾਸੂਮ ਬਾਲੜੀਆਂ ਦੀ ਜਾਨ ਦਾ ਖੋਹ ਬਣੀ ਹੋਈ ਹੈ। ਹੁਣ ਇਹ ਨਵੇਂ ਰੁਝਾਨ ਧੀਆਂ ਦੇ ਮਾਪਿਆਂ ਨੂੰ ਹੋਰ ਵੀ ਚਿੰਤਾ ਗ੍ਰਸਤ ਕਰ ਰਹੇ ਹਨ। ਲੋੜ ਹੈ, ਇਨ੍ਹਾਂ ਫੋਕੀਆਂ ਸ਼ਾਨੋ-ਸ਼ੌਕਤਾਂ ਤੋਂ ਨਿਜਾਤ ਪਾਉਣ ਦੀ, ਘਰ-ਪਰਿਵਾਰ ਅਤੇ ਅਨਮੋਲ ਜ਼ਿੰਦਗੀਆਂ ਨੂੰ ਬਚਾਉਣ ਅਤੇ ਭਾਈਚਾਰਕ ਸਾਂਝਾਂ ਨੂੰ ਕਾਇਮ ਰੱਖਣ ਦੀ। ਇਸ ਲਈ ਹੈ ਲੋੜ ਹੈ ਸਾਡੀਆਂ ਸਮਾਜ ਸੇਵੀ ਸੰਸਥਾਵਾਂ, ਧਾਰਮਿਕ ਅਤੇ ਰਾਜਨੀਤਕ ਆਗੂਆਂ ਅਤੇ ਜਥੇਬੰਦੀਆਂ ਨੂੰ ਅੱਗੇ ਆਉਣ ਦੀ ਤਾਂ ਜੋ ਵਿਆਹ ਦੇ ਚਾਵਾਂ ਅਤੇ ਮਲਾਰਾਂ ਵਿੱਚ ਅੜਿੱਕਾ ਬਣਨ ਵਾਲੀਆਂ ਅਰਥਹੀਣ ਅਤੇ ਦਿਖਾਵੇ ਭਰਪੂਰ ਰਹੁ-ਰੀਤਾਂ ਅਤੇ ਸਮਾਗਮਾਂ ਦੇ ਵਿਕਰਾਲ ਰੂਪ ਧਾਰਨ ਕਰਨ ਤੋਂ ਪਹਿਲਾਂ ਹੀ ਸਮਾਜ ਦਾ ਛੁਟਕਾਰਾ ਹੋ ਸਕੇ। ਆਓ ਆਪਾਂ ਸਾਰੇ ਰਲ ਮਿਲ ਕੇ ਸਾਦੇ ਵਿਆਹ ਸਮਾਗਮਾਂ ਦਾ ਪ੍ਰਣ ਕਰੀਏ ਅਤੇ ਇਸ ਪਵਿੱਤਰ ਸਮਾਜਿਕ ਰਿਸ਼ਤੇ ਨੂੰ ਆਰਥਿਕ ਜੰਜਾਲਾਂ ਤੋਂ ਮੁਕਤ ਕਰੀਏ।

## ਬਿਊਟੀ ਪਾਰਲਰ ਨਹੀਂ ਪਰਸਨੈਲਿਟੀ ਪਾਰਲਰ ਜਾਈਏ

ਜੇ ਸਚਮੁਚ ਹੀ ਅਸੀਂ ਸੁਹਣੇ ਬਣਨਾ ਚਾਹੁਦੇ ਹਾਂ ਤਾਂ ਬਿਊਟੀ ਪਾਰਲਰ ਦੀ ਥਾਂ ਪਰਸਨੈਲਿਟੀ ਪਾਰਲਰ ਜਾਈਏ।

ਇਹ ਪਰਸਨੈਲਿਟੀ ਪਾਰਲਰ ਹਨ ਚੰਗੀ ਸੰਗਤ, ਚੰਗੀਆਂ ਕਿਤਾਬਾਂ, ਚੰਗੇ ਵਿਚਾਰ। ਵਿਆਹ ਤੋਂ ਪਹਿਲਾਂ ਲੜਕੀ **ਸਿਆਣਿਆਂ ਤੋਂ ਸਿੱਖਿਆ ਲਵੇ ਕਿ ਸਹੁਰੇ ਘਰ ਜਾ ਕੇ ਨਵੇਂ ਰਿਸ਼ਤਿਆਂ ਨੂੰ ਨਿਭਾਉਂਦੇ ਹੋਏ ਕਿਵੇਂ** ਘਰ ਵਿੱਚ ਸੁੱਖ ਸ਼ਾਂਤੀ ਰੱਖਣੀ ਹੈ। ਇਸੇ ਤਰ੍ਹਾਂ ਲੜਕਾ ਵੀ ਸਿੱਖੇ ਕਿ **ਇਸਤਰੀ ਦੀ ਕਿਵੇਂ ਇੱਜ਼ਤ** ਕਰਨੀ ਹੈ ਅਤੇ ਕਿਵੇਂ ਉਸਨੂੰ ਵੀ ਨਵੇਨ ਘਰ ਵਿੱਚ ਵਸਾਉਣਾ ਹੈ, **ਪਿਆਰ ਦੇਣਾ** ਹੈ।

## ਇਕ ਕਿਸਾਨ ਵੀਰ ਦਾ ਦਰਦ

ਜੇ ਕੁੜੀਆਂ ਨੂੰ ਪੜ੍ਹਾ ਕੇ ਵੀ ਅਸੀਂ ਦਾਜ ਹੀ ਦੇਣਾ ਹੈ ਤਾਂ ਫਿਰ ਪੜ੍ਹਾਈ ਤੇ ਖਰਚੇ ਕਿਉਂ ਕਰੀਏ?

ਇਹ ਚੇਤਾਵਨੀ ਹੈ, ਅਲਾਰਮ ਹੈ!

ਸਮਾਜ ਖੋਜੀ, ਚਿੰਤਕ, ਨੀਤੀ ਘਾੜੇ ਸੁਚੇਤ ਹੋਣ।

# ਵਾਰਿਸ ਸ਼ਾਹ ਲੁਕਾਈਏ ਜੱਗ ਕੋਲੋਂ
# ਭਾਵੇਂ ਆਪਣਾ ਹੀ ਗੁੜ ਖਾਈਏ ਜੀ

**– ਨਰਿੰਦਰ ਪਾਲ ਸਿੰਘ**
ਪ੍ਰੋਫੈਸਰ, ਪੰਜਾਬੀ

ਲੋਕ ਅਖਾਣ ਦਾ ਰੂਪ ਧਾਰਨ ਕਰ ਚੁੱਕੀਆਂ ਪ੍ਰਸਿੱਧ ਕਿੱਸਾਕਾਰ ਵਾਰਿਸ ਸ਼ਾਹ ਦੀਆਂ ਉਪਰੋਕਤ ਸਤਰ੍ਹਾਂ ਨੂੰ ਲੋਕ ਮਾਨਸ ਆਪਣੇ ਅਚੇਤ ਪੱਧਰ ਤੇ ਤਾਂ ਭਾਵੇਂ ਨਜ਼ਰ ਦੇ ਬੁਰੇ ਪ੍ਰਭਾਵ ਤੋਂ ਬਚਣ ਦੇ ਵਹਿਮ ਭਰਮ ਨਾਲ ਜੋੜ ਕੇ ਹੀ ਵੇਖਦਾ ਹੈ ਪਰ ਜਦੋਂ ਅਸੀਂ ਸੁਚੇਤ ਪੱਧਰ ਤੇ ਇਨ੍ਹਾਂ ਸਤਰ੍ਹਾਂ ਦਾ ਵਿਸ਼ਲੇਸ਼ਣ ਕਰਦੇ ਹਾਂ ਤਾਂ ਇਉਂ ਲੱਗਦਾ ਹੈ ਕਿ ਇਨ੍ਹਾਂ ਸੀਮਤ ਅਰਥਾਂ ਦੀ ਥਾਂ ਅੰਤਰੀਵ ਰੂਪ ਵਿੱਚ ਇਹ ਬੜੇ ਗਹਿਣ ਅਤੇ ਬਹੁਪੱਖੀ ਅਰਥਾਂ ਨੂੰ ਸਮੋਈ ਬੈਠੀਆਂ ਹਨ। ਇੱਥੇ 'ਆਪਣਾ ਹੀ ਗੁੜ' ਤੋਂ ਭਾਵ ਉਨ੍ਹਾਂ ਸੀਮਤ ਸਾਧਨਾਂ ਤੋਂ ਹੈ, ਜਿਨ੍ਹਾਂ ਨੂੰ ਕੋਈ ਵੀ ਵਿਅਕਤੀ ਵਿਸ਼ੇਸ਼ ਸਖਤ ਮਿਹਨਤ ਤੋਂ ਬਾਅਦ ਜੁਟਾ ਪਾਉਂਦਾ ਹੈ ਅਤੇ ਜਿਸਦਾ ਮਿੱਠਾ ਲੱਗਣਾ ਸੁਭਾਵਿਕ ਵੀ ਹੁੰਦਾ ਹੈ। 'ਜੱਗ ਤੋਂ ਲੁਕਾ ਕੇ ਖਾਣ' ਤੋਂ ਭਾਵ ਇਨ੍ਹਾਂ ਸਾਧਨਾਂ ਦੀ ਸੰਕੋਚਵੀਂ ਅਤੇ ਵਿਖਾਵਾ ਰਹਿਤ ਵਰਤੋਂ ਤੋਂ ਹੈ ਤਾਂ ਜੋ ਜੱਗ ਦੀ ਚੰਗੀ/ਮੰਦੀ ਅਲੋਚਨਾ ਤੋਂ ਵੀ ਬਚਿਆ ਜਾ ਸਕੇ।

ਲੋਕ ਅਖਾਣਾ ਸਿਆਣਪਾਂ ਸਦੀਆਂ ਤੋਂ ਸਾਡੇ ਵੱਡੇ ਵਡੇਰਿਆਂ ਦੇ ਜ਼ਿੰਦਗੀ ਵਿੱਚ ਕਮਾਏ ਹੋਏ ਤਜ਼ਰਬਿਆਂ ਤੇ ਅਧਾਰਿਤ ਹੁੰਦੀਆਂ ਹਨ, ਜੋ ਜੀਵਨ ਦੀਆਂ ਅਟੱਲ ਸੱਚਾਈਆਂ ਨੂੰ ਸਾਡੇ ਸਨਮੁੱਖ ਰੱਖਦੀਆਂ ਹੋਈਆਂ ਰਾਹ ਦਿਸੇਰਾ ਬਣਕੇ ਸਾਡੇ ਜੀਵਨ ਦੇ ਸਫ਼ਰ ਨੂੰ ਸੁਖਾਲਾ ਕਰਦੀਆਂ ਹਨ।ਪੰਜਾਬੀ ਭਾਸ਼ਾ ਦੇ ਲੋਕ ਸਾਹਿਤ ਕੋਲ ਇਨ੍ਹਾਂ ਲੋਕ ਅਖਾਣਾਂ ਦਾ ਅਤੁੱਟ ਭੰਡਾਰ ਹੈ। ਖੇਤੀਬਾੜੀ ਅਤੇ ਕਿਰਸਾਨੀ ਜੀਵਨ ਨਾਲ ਸੰਬੰਧਿਤ ਲੋਕ ਅਖਾਣ ਚਿਰ ਕਾਲ ਤੋਂ ਕਿਸਾਨੀ ਭਾਈਚਾਰੇ ਦੀ ਅਗਵਾਈ ਕਰਦੇ ਆ ਰਹੇ ਹਨ।

ਸਮੇਂ ਦੇ ਬਦਲਣ ਨਾਲ ਵਿਗਿਆਨ ਅਤੇ ਤਕਨਾਲੋਜੀ ਬਹੁਤ ਅੱਗੇ ਨਿਕਲ ਗਏ। ਆਧੁਨਿਕਤਾ ਦੇ ਦੌਰ ਵਿੱਚ ਪਿੰਡਾਂ ਦਾ ਵੀ ਸ਼ਹਿਰੀਕਰਨ ਹੋਣ ਲੱਗਾ। ਵਿਸ਼ਵੀਕਰਨ ਹੋਣ ਨਾਲ ਅਤੇ ਪ੍ਰਿੰਟ, ਇਲੈਕਟ੍ਰਾਨਿਕ ਅਤੇ ਸੋਸ਼ਲ ਮੀਡੀਆ ਜਿਹੇ ਸੰਚਾਰ ਸਾਧਨਾਂ ਵਿੱਚ ਕ੍ਰਾਂਤੀ ਆਉਣ ਨਾਲ ਪੂਰਾ ਵਿਸ਼ਵ ਇਕ ਗਲੋਬਲ ਪਿੰਡ ਬਣਕੇ ਰਹਿ ਗਿਆ। ਵਿਦਿਅਕ , ਮੈਡੀਕਲ, ਆਵਾਜਾਈ, ਖੇਤੀਬਾੜੀ , ਉਦਯੋਗਿਕ, ਵਪਾਰਕ ਅਤੇ ਹੋਰ ਅਨੇਕਾਂ ਖੇਤਰਾਂ ਵਿਚ ਸਰਕਾਰੀ ਅਤੇ ਨਿੱਜੀ ਅਦਾਰਿਆਂ ਵਲੋਂ ਲਿਆਂਦੇ ਵਿਕਾਸ ਸਦਕਾ ਸਾਡੇ ਜੀਵਨ ਦੇ ਮਿਆਰ ਵਿੱਚ ਵਾਧਾ ਹੋਇਆ। ਹੌਲੀ-ਹੌਲੀ ਜੀਵਨ ਪ੍ਰਤੀ ਸਾਡਾ ਨਜ਼ਰੀਆ ਬਦਲਣ ਲੱਗਾ। 'ਜਿੱਥੇ ਚਾਹ ਉਥੇ ਰਾਹ', 'ਸਹਿਜ ਪੱਕੇ ਸੋ ਮੀਠਾ ਹੋਏ', 'ਲਾਲਚ ਬੁਰੀ ਬਲਾਂ ਹੈ', 'ਇਮਾਨਦਾਰੀ ਸਭ ਤੋਂ ਚੰਗੀ ਨੀਤੀ ਹੈ' ਆਦਿ

ਉਪਦੇਸ਼ਾਂ ਨੂੰ ਦ੍ਰਿੜਾਉਂਦੀਆਂ 'ਪਿਆਸਾ ਕਾਂ', 'ਖਰਗੋਸ਼ ਅਤੇ ਕੱਛੂਕੁੰਮਾ', 'ਲਾਲਚੀ ਕੁੱਤਾ', 'ਚਲਾਕ ਲੂੰਬੜੀ ਅਤੇ ਕਾਂ' ਅਤੇ ਪੰਚਤੰਤਰ ਦੀਆਂ ਨੀਤੀ ਕਥਾਵਾਂ ਅਜੋਕੇ ਪ੍ਰਸੰਗ ਵਿੱਚ ਸਾਡੀ ਨੌਜਵਾਨ ਪੀੜ੍ਹੀ ਨੂੰ ਅਰਥਹੀਣ ਜਾਪਣ ਲੱਗੀਆਂ। ਕਾਰਪੋਰੇਟ ਅਤੇ ਹੋਰ ਅਦਾਰਿਆਂ ਦੀ ਦਖਲ ਅੰਦਾਜ਼ੀ ਸਦਕਾ ਲੋਕ ਸਿਆਣਪਾਂ ਸਿਰਫ਼ ਲੋਕ ਸਾਹਿਤ ਦਾ ਸ਼ਿੰਗਾਰ ਬਣਕੇ ਰਹਿ ਗਈਆਂ। ਪਰ ਹੌਲੀ-ਹੌਲੀ ਸਮੁੱਚਾ ਸਮਾਜਿਕ ਅਤੇ ਸਭਿਆਚਾਰਕ ਤਾਣਾ-ਬਾਣਾ ਵੀ ਉਲਝ ਕੇ ਰਹਿ ਗਿਆ। ਉਲਝਣ ਦੀ ਇਸੇ ਲੜੀ ਵਿੱਚ ਅਸੀਂ ਵਾਰਿਸ ਸ਼ਾਹ ਦੀਆਂ ਉਪਰੋਕਤ ਸਤਰਾਂ ਨੂੰ ਅਜੋਕੇ ਪ੍ਰਸੰਗ ਨਾਲ ਜੋੜ ਕੇ ਵੇਖਦੇ ਹਾਂ ਕਿ ਲੋਕ ਸਿਆਣਪਾਂ ਅੱਜ ਵੀ ਉਸੇ ਪੁਰਾਣੀ ਕਸਵੱਟੀ ਤੇ ਖਰ੍ਹੀਆਂ ਉਤਰਦੀਆਂ ਹਨ ਜਾਂ ਸਚੁਮੱਚ ਹੀ ਆਪਣਾ ਵਜੂਦ ਗਵਾਂ ਚੁੱਕੀਆਂ ਹਨ।

ਰਾਜਸੀ ਅਤੇ ਆਰਥਿਕ ਪੱਖੋਂ ਦੱਬ-ਦਬਾਅ ਵਾਲੇ ਸ਼ਕਤੀਸ਼ਾਲੀ ਮੁਲਕ ਹਮੇਸ਼ਾਂ ਤੋਂ ਹੀ ਦੂਜਿਆਂ ਨੂੰ ਡਰਾਉਣ, ਧਮਕਾਉਣ, ਨੀਵਾਂ ਦਿਖਾਉਣ ਅਤੇ ਪ੍ਰਭਾਵਿਤ ਕਰਨ ਲਈ ਆਪਣੀ ਸ਼ਕਤੀ/ਸਮੱਰਥਾ ਦਾ ਪ੍ਰਦਰਸ਼ਣ ਕਰਦੇ ਆਏ ਹਨ। ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਅਜਿਹੀ ਪ੍ਰਵਿਰਤੀ ਆਰਥਿਕ ਪੱਖੋਂ ਮਜ਼ਬੂਤ ਸ਼ਰੇਣੀ ਵਿੱਚ ਵੀ ਵੇਖਣ ਨੂੰ ਮਿਲਦੀ ਹੈ, ਜੋ ਆਪਣੀ ਸ਼ਾਹੀ ਠਾਠ-ਬਾਠ ਦਾ ਵਿਖਾਵਾ ਮਹਿੰਗੀਆਂ ਕਾਰਾਂ, ਬਰਾਂਡਿਡ ਕਪੜਿਆਂ, ਹੀਰੇ ਜੜੇ ਗਹਿਣਿਆਂ, ਵਿਦੇਸ਼ੀ ਘੜੀਆਂ, ਸਮਾਰਟ ਫੋਨਾਂ, ਆਲੀਸ਼ਾਨ ਮਹਿਲਨੁਮਾ ਘਰਾਂ, ਨਿੱਜੀ ਅੰਗ ਰੱਖਿਅਕਾਂ ਆਦਿ ਰਾਹੀਂ ਕਰਦੀ ਹੈ। ਅਮੀਰੀ ਦੇ ਇਸ ਵਿਖਾਵੇ ਪਿੱਛੇ ਉਨ੍ਹਾਂ ਦਾ ਲੁਕਵਾਂ ਮੰਤਵ ਆਪਣੇ ਆਪ ਨੂੰ ਦੂਸਰਿਆਂ ਤੋਂ ਵੱਖਰਾ ਅਤੇ ਵਿਸ਼ੇਸ਼ ਦਰਸਾ ਕੇ ਆਰਥਿਕ ਪੱਖੋਂ ਕਮਜ਼ੋਰ ਵਰਗ ਨੂੰ ਆਪਣੇ ਪ੍ਰਭਾਵ ਅਧੀਨ ਕਰਨਾ ਹੁੰਦਾ ਹੈ ਤਾਂ ਜੋ ਭੈਭੀਤ ਹੋਏ ਦੂਜੇ ਵਰਗ ਨੂੰ ਹਮੇਸ਼ਾਂ ਆਪਣੇ ਪਿਛੜੇਪਣ ਅਤੇ ਨਿਰਬਲਤਾ ਦਾ ਅਹਿਸਾਸ ਬਣਿਆ ਰਹੇ।

**ਅਜੋਕਾ ਦੌਰ ਪੇਸ਼ਕਾਰੀ ਅਤੇ ਵਿਖਾਵੇ ਦਾ ਹੈ, ਜਿਸ ਵਿੱਚ ਦੂਸਰਿਆਂ ਦਾ ਧਿਆਨ ਆਪਣੇ ਵੱਲ ਕੇਂਦਰਤ ਕਰਨ ਅਤੇ ਉਨ੍ਹਾਂ ਨੂੰ ਪ੍ਰਭਾਵਿਤ ਕਰਨ ਲਈ ਹਰ ਹੀਲਾ ਵਸੀਲਾ ਵਰਤਿਆ ਜਾ ਰਿਹਾ ਹੈ।** ਮੁਕਾਬਲੇ ਦੇ ਇਸ ਯੁੱਗ ਵਿੱਚ ਅਜਿਹਾ ਕਰਨਾ ਲਾਜ਼ਮੀ ਵੀ ਹੁੰਦਾ ਹੈ। ਬਿਨ੍ਹਾਂ ਸ਼ੱਕ ਇਸ ਨਾਲ ਗੁਣਾਤਮਕਤਾ ਦਾ ਪਸਾਰਾ ਹੁੰਦਾ ਹੈ ਜੋ ਸਮਾਜ ਨੂੰ ਨਿਖਾਰਨ ਦੀ ਸੰਭਾਵਨਾ ਵਧਾਉਂਦਾ ਹੈ। ਲੇਕਿਨ ਵਿਖਾਵੇ ਦੀ ਇਸ ਦੌੜ ਵਿੱਚ ਅੱਗੇ ਨਿਕਲਣ ਦੀ ਰੁਚੀ ਵਿੱਚ ਅਸੀਂ ਕੋਈ ਅਜਿਹੇ ਹੱਥ-ਕੰਡੇ ਤਾਂ ਨਹੀਂ ਅਪਣਾ ਰਹੇ ਜਿਸ ਨਾਲ ਸਾਡੇ ਅਮੀਰ ਸਭਿਆਚਾਰਕ ਵਿਰਸੇ ਨੂੰ ਢਾਹ ਲੱਗ ਰਹੀ ਹੋਵੇ, ਇਸ ਪ੍ਰਤੀ ਵੀ ਸੁਚੇਤ ਰਹਿਣ ਦੀ ਲੋੜ ਹੈ।

ਅਖਾਣ ਉਦੋਂ ਹੀ ਲੋਕ ਸਾਹਿਤ ਦਾ ਅੰਗ ਬਣਦੇ ਹਨ ਜਦੋਂ ਲੋਕ ਮਾਨਸ ਉਨ੍ਹਾਂ ਨੂੰ ਪ੍ਰਵਾਨਗੀ ਦਿੰਦਾ ਹੈ। ਉਸ ਉਪਰੰਤ ਉਨ੍ਹਾਂ ਦੀ ਵਿਉਤਪਤੀ ਜਾਂ ਅਜੋਕੇ ਸਮਾਜ

ਵਿੱਚ ਉਚਿਤਤਾ ਤੇ ਤਾਂ ਖੋਜ ਦੀਆਂ ਸੰਭਾਵਨਾਵਾਂ ਹੋ ਸਕਦੀਆਂ ਹਨ ਪਰ ਸਾਡੀ ਨੌਜਵਾਨ ਪੀੜ੍ਹੀ ਇਸ ਤੋਂ ਵੀ ਅਗਾਂਹ ਜਾਂਦੀ ਹੋਈ ਇਨ੍ਹਾਂ ਅਖਾਣਾਂ ਨੂੰ ਅੱਗੇ ਪਿੱਛੇ ਕਰਕੇ ਜਾਂ ਉਲਟਾ ਸਿੱਧਾ ਕਰਕੇ ਵੇਖਣ ਦੇ ਨਵੇਂ ਤਜ਼ਰਬਿਆਂ ਤੇ ਲੱਗੀ ਹੋਈ ਹੈ। ਜਿਵੇਂ ਕਿ ਅਖਾਣ ਹੈ 'ਖਾਈਏ ਮਨ ਭਾਉਂਦਾ ਅਤੇ ਪਹਿਣੀਏ ਜੱਗ ਭਾਉਂਦਾ' ਪਰ ਪੱਛਮੀ ਸਭਿਆਚਾਰ ਦੀ ਵਿਅਕਤੀਵਾਦ ਸੋਚ ਦੀ ਤਰਜ਼ ਤੇ ਫਟੇ ਹੋਏ ਲਿਬਾਸ, ਪੈਰਾਂ ਵਿੱਚ ਬਾਥਰੂਮ ਚਪਲਾਂ, ਵਿਭਿੰਨ ਰੰਗਾਂ ਅਤੇ ਸਟਾਇਲਾਂ ਦੇ ਵਾਲ, ਸਰੀਰ ਤੇ ਟੈਟੂ ਆਦਿ (ਪਹਿਣੀਏ ਮਨ ਭਾਉਂਦਾ) ਅਤੇ ਫਾਸਟ ਫੂਡਜ਼, ਕੋਲਡ ਡਰਿੰਕਜ਼, ਐਨਰਜੀ ਡਰਿੰਕਜ਼ ਅਤੇ ਨਸ਼ਿਆਂ ਦੇ ਸੇਵਨ ਰਾਹੀਂ ਨੌਜਵਾਨ ਪੀੜੀ ਵਲੋਂ ਅਖਾਣ ਉਤੇ ਵਿਲੱਖਣ ਖੋਜ ਤਜ਼ਰਬਾ ਕੀਤਾ ਜਾ ਰਿਹਾ ਹੈ ਪਰ ਸਾਡੇ ਸਮਾਜ ਲਈ ਢੁੱਕਵਾਂ ਨਾ ਹੋਣ ਕਰਕੇ ਇਸਦੇ ਪ੍ਰਵਾਨ ਚੜ੍ਹਣ ਦੀ ਕੋਈ ਸੰਭਾਵਨਾ ਨਹੀਂ, ਕਿਉਂਕਿ ਇਹ ਅਖਾਣ ਸਾਡੀਆਂ ਸਮਾਜਿਕ ਅਤੇ ਸਭਿਆਚਾਰਕ ਲੋੜਾਂ ਮੁਤਾਬਕ ਬਣਿਆ ਹੋਇਆ ਹੈ। **ਪੱਛਮੀ ਸਭਿਆਚਾਰ ਦੇ ਅਜਿਹੇ ਪ੍ਰਭਾਵਾਂ ਤੋਂ ਆਪਣੇ ਅਮੀਰ ਸਭਿਆਚਾਰਕ ਵਿਰਸੇ ਨੂੰ ਬਚਾਅ ਕੇ ਰੱਖਣਾ ਸਾਡੀ ਸਾਰਿਆਂ ਦੀ ਲੋੜ ਵੀ ਹੈ ਅਤੇ ਜ਼ਿੰਮੇਵਾਰੀ ਵੀ।**

ਵਿਖਾਵੇ ਨੇ ਸਾਡੀ ਸਮੁੱਚੀ ਸਮਾਜਿਕ ਬਣਤਰ ਨੂੰ ਇਸ ਕਦਰ ਆਪਣੀ ਜਕੜ ਵਿਚ ਲੈ ਲਿਆ ਹੈ ਕਿ ਖੁਸ਼ੀ ਦੇ ਨਾਲ ਨਾਲ ਗਮੀ ਦੇ ਸਮਾਗਮ ਵੀ ਇਸਦੇ ਪ੍ਰਭਾਵ ਤੋਂ ਬਚ ਨਹੀਂ ਸਕੇ। ਵਿਆਹ ਸ਼ਾਦੀ ਜਾਂ ਖੁਸ਼ੀ ਦੇ ਮੌਕਿਆਂ ਤੇ ਜਿਸ ਤਰ੍ਹਾਂ ਫੈਸ਼ਨ ਪਰੇਡ ਅਤੇ ਪਕਵਾਨਾਂ ਦੀ ਚੋਣ ਕੀਤੀ ਜਾਂਦੀ ਹੈ, ਉਸੇ ਤਰ੍ਹਾਂ ਗਮੀ ਦੇ ਮੌਕਿਆਂ ਤੇ ਵੀ ਕਪੜਿਆਂ ਅਤੇ ਪਕਵਾਨਾਂ ਦੀ ਚੋਣ ਕੀਤੀ ਜਾਂਦੀ ਹੈ। **'ਉੱਚੇ ਵਿਚਾਰਾਂ ਵਾਲੀ ਸਾਦੀ ਰਹਿਣੀ ਬਹਿਣੀ' ਤੋਂ ਕੋਹਾਂ ਦੂਰ ਜਾ ਰਹੇ ਸਾਡੇ ਸਮਾਜ ਵਿੱਚ ਸੰਜੀਦਗੀ ਖਤਮ ਹੋ ਰਹੀ ਹੈ ਅਤੇ ਹੋਛਾਪਨ ਵੱਧ ਰਿਹਾ ਹੈ।** ਲੋਕਾਂ ਦੀ ਮਾਨਸਿਕਤਾ ਵਿਚ ਵਿਖਾਵੇ ਦੀ ਇਸ ਵੱਧ ਰਹੀ ਰੁਚੀ ਨੂੰ ਭਾਂਪਦਿਆਂ ਉਤਪਾਦ ਕੰਪਨੀਆਂ ਵੀ ਥੋੜੇ ਬਹੁਤ ਫਰਕ ਨਾਲ ਨਿੱਤ ਨਵੇਂ ਮਾਡਲ ਮਾਰਕਿਟ ਵਿੱਚ ਲਿਆ ਕੇ ਪੰਜਾਬੀਆਂ ਦੀ ਆਰਥਿਕ ਲੁੱਟ-ਘਸੁੱਟ ਕਰ ਰਹੀਆਂ ਹਨ। ਨਵੇਂ ਮਾਡਲਾਂ ਦੇ ਆਉਣ ਨਾਲ ਵਾਹਨ, ਫੋਨ, ਕੰਪਿਊਟਰ ਆਦਿ ਕੁਝ ਹੀ ਦਿਨਾਂ ਵਿੱਚ ਪੁਰਾਣੇ ਹੋ ਜਾਂਦੇ ਹਨ ਅਤੇ ਵਿਖਾਵਾ ਕਰਨ ਲਈ ਨਵੇਂ ਮਾਡਲ ਖਰੀਦਣ ਵਾਲਿਆਂ ਦੀ ਹੋੜ ਲੱਗ ਜਾਂਦੀ ਹੈ।

ਵਿਖਾਵੇ ਦੀ ਇਸ ਚਕਾਚੌਂਧ ਵਿੱਚ ਆਰਥਿਕ ਪੱਖੋਂ ਪੱਛੜਿਆ ਮੱਧ ਅਤੇ ਨਿਮਨ ਵਰਗ ਘੁਟਣ ਮਹਿਸੂਸ ਕਰਦਾ ਹੋਇਆ ਨਿਰਾਸ਼ਾਜਨਕ, ਚਿੰਤਾਮਈ ਅਤੇ ਵਿਸਾਦਗ੍ਰਸਤ ਹੋ ਰਿਹਾ ਹੈ। ਸਮਾਜ ਵਿੱਚ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਲਈ ਤਰਲੇ ਕੱਢਦਾ ਇਹ ਵਰਗ ਕਈ ਤਰ੍ਹਾਂ ਦੇ ਕਰਜ਼ਿਆਂ ਜਿਵੇਂ ਕਿ ਹੋਮਲੋਨ, ਪਰਸਨਲ ਲੋਨ, ਗੋਲਡ ਲੋਨ, ਕਾਰ ਲੋਨ ਆਦਿ ਦੇ ਚੱਕਰਵਿਊ ਵਿੱਚ ਫਸਦਾ ਜਾ ਰਿਹਾ ਹੈ।

ਨੌਕਰੀ ਪੇਸ਼ਾ ਲੋਕਾਂ ਦੀ ਤਨਖਾਹ ਦਾ ਵੱਡਾ ਹਿੱਸਾ ਇਨ੍ਹਾਂ ਕਰਜ਼ਿਆਂ ਦੀਆਂ ਕਿਸ਼ਤਾਂ ਮੋੜਣ ਵਿੱਚ ਲੱਗ ਰਿਹਾ ਹੈ। ਦੱਬ-ਘੁੱਟ ਕੇ ਘਰ ਦਾ ਗੁਜ਼ਾਰਾ ਚਲਾ ਰਹੇ ਇਨ੍ਹਾਂ ਲੋਕਾਂ ਦੇ ਪਰਿਵਾਰਿਕ ਮੈਬਰਾਂ ਦੇ ਅਰਮਾਨ ਅਤੇ ਸੁਪਨੇ ਅਧੂਰੇ ਰਹਿ ਜਾਂਦੇ ਹਨ।ਕਰਜ਼ੇ ਚੁੱਕ ਕੇ ਲੋੜਾਂ ਪੂਰਨ ਦਾ ਇਹ ਰੁਝਾਨ ਪਿੰਡਾਂ ਵਿੱਚ ਵੀ ਘਰ ਕਰ ਚੁੱਕਾ ਹੈ। ਅੱਜ ਪੰਜਾਬ ਦੇ ਸਿਰ ਲਗਭਗ 2 ਲੱਖ ਕਰੋੜ ਦਾ ਕਰਜ਼ਾ ਹੈ ਅਤੇ ਪੰਜਾਬ ਦੀ ਕਿਰਸਾਨੀ ਲਗਭਗ 80,000 ਕਰੋੜ ਦੀ ਕਰਜ਼ਾਈ ਹੈ। ਇਹ ਕਰਜ਼ੇ ਬੈਂਕਾਂ, ਆੜਤੀਆਂ ਅਤੇ ਸ਼ਾਹੂਕਾਰਾਂ ਆਦਿ ਦੇ ਹਨ। ਸਾਡੇ ਕਿਸਾਨਾਂ ਕੋਲ ਚਾਰ ਲੱਖ ਬਹੱਤਰ ਹਜ਼ਾਰ ਟਰੈਕਟਰ ਹਨ। ਜਿਨ੍ਹਾਂ ਵਿਚੋਂ ਬਹੁਤੇ ਕਰਜ਼ੇ ਚੁੱਕ ਕੇ ਲਏ ਗਏ ਹਨ।

**ਸਰਦੇ ਪੁੱਜਦੇ ਲੋਕ ਆਪਣੇ ਦਿਲਾਂ ਦੇ ਚਾਅ ਅਤੇ ਰੀਝਾਂ ਨੂੰ ਪੂਰਿਆਂ ਕਰਨ ਲਈ ਇਹ ਵਿਖਾਵੇ ਕਰਦੇ ਹਨ ਪਰ ਆਮ ਵਿਅਕਤੀ ਲਈ ਇਹ ਘਰ ਫੂਕ ਕੇ ਤਮਾਸ਼ਾ ਵੇਖਣ ਵਾਲੀ ਗੱਲ ਹੁੰਦੀ ਹੈ।** ਜਿਵੇਂ ਕਿ ਅਸੀਂ ਜਾਣਦੇ ਹਾਂ ਕਿ 'ਹਰ ਚਮਕਦੀ ਚੀਜ਼ ਸੋਨਾ ਨਹੀਂ ਹੁੰਦੀ', ਸੋ ਆਓ ਅਸੀਂ ਆਪਣੇ ਅਮੀਰ ਲੋਕ ਸਾਹਿਤ ਵਿੱਚ ਦਰਜ ਲੋਕ ਸਿਆਣਪਾਂ ਦੇ ਅਨੁਸਾਰੀ ਹੁੰਦੇ ਹੋਏ ਜ਼ਿੰਮੇਵਾਰ ਨਾਗਰਿਕ ਹੋਣ ਦੇ ਨਾਤੇ ਨਰੋਏ ਸਮਾਜ ਦੀ ਸਥਾਪਨਾ ਵਲ ਕਦਮ ਵਧਾਈਏ। ਸਾਦੀ ਰਹਿਣੀ ਬਹਿਣੀ ਨੂੰ ਅਪਣਾਈਏ ਅਤੇ ਵਿਖਾਵੇ ਭਰੀ ਜ਼ਿੰਦਗੀ ਤੋਂ ਤੋਬਾ ਕਰਦੇ ਹੋਏ ਤਣਾਅ-ਮੁਕਤ ਰਹੀਏ।

## ਨਵਾਂ ਰਿਵਾਜ਼ ਸ਼ੁਰੂ ਕਰੀਏ

ਅਸੀਂ ਲੋਕ ਜਦੋਂ ਕਿਸੇ ਦੇ ਵਿਆਹ ਜਾਂ ਪਾਰਟੀ ਤੇ ਜਾਂਦੇ ਹਾਂ ਤਾਂ ਨੋਟ ਪਾ ਕੇ ਇਕ ਲਿਫ਼ਾਫ਼ਾ ਜ਼ਰੂਰ ਦੇ ਕੇ ਆਉਂਦੇ ਹਾਂ।

ਪਰ ਆਪਣਾ ਕੋਈ ਸੱਜਣ ਹਸਪਤਾਲ ਵਿੱਚ ਜ਼ਿੰਦਗੀ ਜਾਂ ਮੌਤ ਨਾਲ ਲੱੜ ਰਿਹਾ ਹੁੰਦਾ ਹੈ ਤਾਂ ਆਪਾਂ ਕੋਈ ਲਿਫ਼ਾਫ਼ਾ ਨਹੀਂ ਲੈ ਕੇ ਜਾਂਦੇ ਜਦ ਕਿ ਉਸ ਵਕਤ ਮਰੀਜ਼ ਦੇ ਘਰ ਵਾਲਿਆਂ ਨੂੰ ਪੈਸੇ ਦੀ ਸਖ਼ਤ ਜ਼ਰੂਰਤ ਹੁੰਦੀ ਹੈ।

**ਕਿਉਂ ਨਾ ਆਪਾਂ ਸਾਰੇ ਮਿਲਕੇ ਇਹ ਨਵਾਂ ਰਿਵਾਜ਼ ਸ਼ੁਰੂ ਕਰੀਏ !**

# ਵਿਆਹ ਸਮੇਂ ਗੀਤ-ਸੰਗੀਤ

**ਹਰਸ਼ਪ੍ਰੀਤ ਕੌਰ**
M Com.

ਵਿਆਹ ਖੁਸ਼ੀਆਂ, ਖੇੜੇ ਤੇ ਮੇਲ ਮਿਲਾਪ ਦਾ ਮੌਕਾ ਹੁੰਦਾ ਸੀ ਜੋ ਅੱਜ ਆਪਣੀ ਅਮੀਰੀ ਦਾ ਪ੍ਰਦਰਸ਼ਨ ਕਰਨ ਜਾਂ ਲੋਕ ਵਿਖਾਵਾ ਕਰਨ ਤੱਕ ਹੀ ਸੀਮਤ ਰਹਿ ਗਿਆ ਹੈ। ਧੀ ਦੇ ਵਿਆਹ ਵਾਸਤੇ ਲਏ ਕਰਜ਼ੇ ਦੇ ਭਾਰ ਥੱਲੇ ਦੱਬੇ ਉਸ ਪਿਉ ਨੂੰ ਪੁੱਛੋ ਜਿਸ ਨੂੰ ਇਹ ਵੀ ਨਹੀਂ ਪਤਾ ਕਿ ਉਹ ਕਰਜ਼ਾ ਮੋੜੇਗਾ ਕਿੰਝ? ਇਕ ਪੁਰਾਣੀ ਕਹਾਵਤ ਹੈ, "Old is Gold" । ਸਚਮੁੱਚ ਪੁਰਾਣੇ ਜ਼ਮਾਨੇ ਦੇ ਸਾਦਗੀ ਨਾਲ ਕੀਤੇ ਗਏ ਵਿਆਹ ਕਿੰਨੇ ਮਜ਼ੇਦਾਰ ਹੰਦੇ ਸਨ। ਸਾਰੇ ਰੱਲ ਮਿਲ ਕੇ ਬੈਠਦੇ, ਲੋਕ ਗੀਤ, ਘੋੜੀਆਂ, ਸੁਹਾਗ ਗਾਉਂਦੇ ਤੇ ਇਸ ਤਰ੍ਹਾਂ ਸਭ ਦੀ ਸ਼ਮੂਲੀਅਤ ਵੀ ਹੋ ਜਾਂਦੀ ਸੀ।

ਅੱਜ ਕੱਲ ਤਾਂ ਡੀ.ਜੇ ਆ ਗਏ ਜੋ ਗਾਣਾ ਵਜਾਉਣ ਦੇ ਮੋਟੇ ਮੋਟੇ ਪੈਸੇ ਲੈਂਦੇ ਹਨ। ਐਸੇ-ਐਸੇ ਲੱਚਰ ਗੀਤ ਵਜਾਏ ਜਾਂਦੇ ਹਨ ਜਿਹਨਾਂ ਨੂੰ ਸੁਣ ਕੇ ਕਿਸੇ ਨੂੰ ਵੀ ਸ਼ਰਮ ਆ ਜਾਏ। ਸ਼ਰਾਬਾਂ ਪੀ ਕੇ ਲੋਕ ਬੇਸ਼ਰਮਾਂ ਵਾਂਗ ਡਾਂਸਰਾਂ ਦੇ ਨਾਲ ਨੱਚਦੇ ਹਨ। ਸਾਨੂੰ ਲੱਗਦਾ ਹੈ ਕਿ ਡੀ.ਜੇ ਤੇ ਆਰਕੈਸਟਰਾ ਬਿਨਾ ਤਾਂ ਕੋਈ ਰੌਣਕ ਹੀ ਨਹੀਂ ਹੋਵੇਗੀ ਪਰ ਇਹ ਸਾਡੀ ਗਲਤਫਹਿਮੀ ਹੈ।

ਆਮ ਵਿਆਹਾਂ ਵਿੱਚ ਡੀ.ਜੇ ਦਾ ਖਰਚਾ ਪੰਜਾਹ ਹਜ਼ਾਰ ਤੋਂ ਲੈ ਕੇ ਚਾਰ-ਪੰਜ ਲੱਖ ਤੱਕ ਪਹੁੰਚ ਜਾਂਦਾ ਹੈ ਜੋ ਕਿ ਪੈਸੇ ਦੀ ਬਰਬਾਦੀ ਹੈ। **ਡੀ.ਜੇ ਦੀ ਕੰਨ ਪਾੜ੍ਹਵੀਂ ਅਵਾਜ਼ ਕਿਸੇ ਨੂੰ ਆਪਸ ਵਿੱਚ ਠੀਕ ਢੰਗ ਨਾਲ ਗੱਲ ਵੀ ਨਹੀਂ ਕਰਨ ਦਿੰਦੀ।** ਦਿਲ ਦੇ ਮਰੀਜ਼ਾਂ ਅਤੇ ਬੱਚਿਆਂ, ਬਜ਼ੁਰਗਾਂ ਦੀ ਸਿਹਤ ਲਈ ਇਹ ਨੁਕਸਾਨਦਾਈ ਹੈ। ਪੈਲੇਸਾਂ ਦੇ ਨੇੜੇ ਰਹਿਣ ਵਾਲੇ ਘਰਾਂ ਤੇ ਪੜ੍ਹਨ ਵਾਲੇ ਬੱਚਿਆਂ ਲਈ ਅਜਿਹੀਆਂ ਆਵਾਜ਼ਾਂ ਸਿਰ ਦਰਦੀ ਤੋਂ ਘੱਟ ਨਹੀਂ।

ਹਾਲ ਹੀ ਵਿੱਚ ਲੁਧਿਆਣਾ ਵਿਖੇ ਇਕ ਵਿਆਹ ਸਮੇਂ ਸਾਰੇ ਰਿਸ਼ਤੇਦਾਰਾਂ, ਦੋਸਤਾਂ ਤੇ ਮਿੱਤਰਾਂ ਨੇ ਇੱਕਠੇ ਹੋ ਕੇ ਲੋਕ ਗੀਤ ਗਾਏ, ਸਭਿਆਚਰਕ ਪੇਸ਼ਕਾਰੀਆਂ ਕੀਤੀਆਂ, ਮੁੰਡੇ ਤੇ ਕੁੜੀ ਨੂੰ ਇਕ ਦੂਜੇ ਬਾਰੇ ਸਵਾਲ ਪੁੱਛੇ। ਬਈ ਵਾਹ! ਇੰਨਾ ਮਜ਼ਾ ਆਇਆ ਤੇ ਕਈਆਂ ਦੇ ਛੁਪੇ ਹੋਏ ਟੈਲੇਂਟ, ਹੁਨਰ ਬਾਰੇ ਵੀ ਪਤਾ ਲੱਗਿਆ।

ਕਿੰਨਾ ਚੰਗਾ ਹੋਵੇ ਜੇ ਸਾਰੇ ਹੀ ਵਿਆਹਾਂ ਤੇ ਡੀ.ਜੇ/ ਆਰਕੈਸਟਰਾ ਦੀ ਜਗ੍ਹਾ ਇੰਝ ਕੀਤਾ ਜਾਵੇ ਤੇ ਇਹ ਫਾਲਤੂ ਖਰਚ ਵੀ ਘਟ ਜਾਏਗਾ ਤੇ ਫਿਰ ਸਾਡੀਆਂ ਧੀਆਂ ਸਾਡੇ ਲਈ ਬੋਝ ਨਹੀਂ ਬਣਨਗੀਆਂ। ਇਕ ਕਦਮ ਸਾਦਗੀ ਵੱਲ ਵਧਾਓ, ਕਰਜ਼ਾ ਮਿਟਾਓ ਖੁਸ਼ੀਆਂ ਵਧਾਓ.........

ਨੌਜਵਾਨ ਪੀੜ੍ਹੀ ਨੂੰ ਇਸ ਗੱਲ ਲਈ ਪਹਿਲ ਕਰਨੀ ਚਾਹੀਦੀ ਹੈ ਮਧੁਰ ਧੁਨ ਤੇ ਲੋਕ ਗੀਤ ਗਾਏ ਜਾਣ ਤਾਂ ਵੇਖੋ ਵਿਆਹ ਦਾ ਮਜ਼ਾ ਕਿੰਨਾ ਦੁਗਣਾ-ਚੌਗੁਣਾ ਹੋ ਜਾਵੇਗਾ।

# ਜੰਮਣਾ ਵੀ ਸੌਖਾ - ਮਰਨਾ ਵੀ ਸੌਖਾ

**ਜਸਕਿਰਨ ਕੌਰ**
Asstt. Prof. Maths, GGI, Khanna

ਕਿਸੇ ਵੇਲੇ ਪੰਜਾਬ ਵਿੱਚ ਇਹ ਅਖਾਣ ਬੜਾ ਪ੍ਰਚਲਿਤ ਸੀ ਕਿ- '**ਸਿੱਖਾਂ ਦਾ ਜੰਮਣਾ ਵੀ ਸੌਖਾ ਤੇ ਸਿੱਖਾਂ ਦਾ ਮਰਨਾ ਵੀ ਸੌਖਾ**'। ਭਾਵ ਸਿੱਖਾਂ ਦੇ ਘਰ ਕਿਸੇ ਦਾ ਜਨਮ ਹੋਵੇ ਜਾਂ ਮੌਤ - ਕੋਈ ਖਰਚਾ, ਕੋਈ ਪਖੰਡ, ਕੋਈ ਉਚੇਚ, ਕੋਈ ਭਰਮ, ਕੋਈ ਫਿਜੂਲ ਰਸਮਾਂ ਨਹੀਂ ਸਨ ਕੀਤੀਆਂ ਜਾਂਦੀਆਂ।

ਪਰ ਅੱਜ ਕੀ ਹਾਲਾਤ ਹਨ? ਪਿਛਲੇ ਦਿਨੀਂ ਸਾਡੇ ਇੱਕ ਅਤਿ ਨਿਕਟਵਰਤੀ ਦੇ ਘਰ ਇਕ ਬਜ਼ੁਰਗ ਦੀ ਮੌਤ ਉਪਰੰਤ ਕੀ-ਕੀ ਰਸਮਾਂ ਤੇ ਖਰਚਾ ਹੋਇਆ? ਸੰਖੇਪ ਵੇਰਵਾ ਇਉਂ ਹੈ-

1. ਸਸਕਾਰ ਦੀ ਸਮਗਰੀ- (ਘਿਉ, ਕੱਪੜੇ, ਕਫਨ, ਚਾਦਰਾਂ (ਸ਼ਾਲਾਂ), ਹਵਨ ਸਮਗਰੀ, ਲਕੜ੍ਹਾਂ,......)
2. ਸਸਕਾਰ ਉਪੰਰਤ ਘਰ ਵਿੱਚ ਸਾਰੇ ਰਿਸ਼ਤੇਦਾਰਾਂ ਦੀ ਰੋਟੀ- (ਦੁਪਹਿਰ ਵੇਲੇ ਸਭ ਦੀ ਤੇ ਰਾਤ ਕੇਵਲ ਨੇੜੇ ਦੇ ਰਿਸ਼ਤੇਦਾਰ ਜੋ ਘਰ ਰਹੇ)
3. ਅਗਲੇ ਦਿਨ ਫੁੱਲਾਂ ਦੀ ਰਸਮ ਦੀ ਤਿਆਰੀ- (ਥੈਲੀਆਂ, ਫ਼ਲ, ਦੁੱਧ...)
4. ਫੁੱਲ ਤਾਰਨ ਜਾਣ ਲਈ ਵਿਚਾਰਾਂ-ਕੌਣ-ਕੌਣ ਜਾਏਗਾ, ਕਿੱਥੇ ਜਾਣਾ ਹੈ- (ਹਰਿਦੁਆਰ, ਪਾਤਾਲਪੁਰੀ, ਨੇੜੇ ਹੀ)
   ਵੱਡੀ ਗੱਡੀ ਕਰ ਲਵੋ, ਦੋ ਗੱਡੀਆਂ ਕਰੋ
5. ਭੋਗ ਜਾਂ ਅੰਤਿਮ ਅਰਦਾਸ ਦੀ ਰਸਮ- ਕੀਰਤਨੀ ਜਥਾ ਕਿਹੜਾ? ਰੋਟੀ ਕਿਵੇਂ ਦੀ? ਮਿੱਠਾ- ਹਲਵਾ, ਕੁਲਫੀ ਜਾਂ ਫਿਰ ਗੁਲਾਬ ਜਾਮੁਨ...
6. ਭੋਗ ਤੋਂ ਬਾਅਦ ਲੈਣ ਦੀ ਰਸਮ ਬਰਾਦਰੀ ਦੀਆਂ ਸਾਰੀਆਂ ਧੀਆਂ ਨੂੰ ਨਗਦ ਤੇ ਆਪਣੀ ਧੀਆਂ ਅਤੇ ਜਵਾਈਆਂ ਨੂੰ ਕਪੜੇ ਦੇਣੇ।
7. ਫਿਰ ਸਤਾਰੀਆ (17 ਵਾਂ ਦਿਨ) ਦੀ ਰਸਮ। ਇਸ ਵਿੱਚ ਦੁਬਾਰਾ ਸਾਰੇ ਰਿਸ਼ਤੇਦਾਰਾਂ ਦੀ ਰੋਟੀ ਅਤੇ ਭਾਈਆਂ ਨੂੰ ਨਗਦ...

8. ਇਸ ਰਸਮ ਤੋਂ ਬਾਅਦ ਇਕ ਮਹੀਨਾ ਪੂਰਾ ਹੋਣ ਦਾ ਪਾਠ - ਫਿਰ ਪਰਿਵਾਰਕ ਮੈਂਬਰਾਂ ਦੀ ਰੋਟੀ ਅਤੇ ਚਾਹ ਪਾਣੀ ਦਾ ਖਰਚਾ...
9. ਪਹਿਲੇ ਤਿਉਹਾਰ ਸਮੇਂ ਫਿਰ ਪਾਠ ਕਰਾਵਉਣਾ - ਰੋਟੀ, ਚਾਹ ਪਾਣੀ...
10. ਇਕ ਸਾਲ ਓਪਰੰਤ ਵਰੀਨਾ - ਫਿਰ ਤੋਂ ਸਮਾਗਮ, ਰੋਟੀ ਦਾ ਖਰਚਾ...
11. ਇਨਾਂ ਸੱਭ ਰਸਮਾਂ ਤੋਂ ਪਹਿਲਾਂ ਜਿਹੜੇ ਇਲਾਜ ਤੇ ਪੈਸੇ ਲੱਗਦੇ ਹਨ ਉਹ ਵਖਰੇ ਜਿੰਨਾਂ ਦਾ ਕੋਈ ਹਿਸਾਬ ਨਹੀਂ ਹੈ। ਇੰਝ ਮੱਧ ਵਰਗੀ ਪਰਿਵਾਰ ਲਈ ਕਿਸੇ ਜੀਅ ਦਾ ਮਰਨਾ ਵੀ ਬਹੁਤ ਵੱਡਾ ਆਰਥਿਕ ਬੋਝ ਬਣ ਜਾਂਦਾ ਹੈ। ਸਮਾਜ ਨੂੰ ਰਲਮਿਲ ਕੇ ਸਾਂਝੇ ਓਪਰਾਲੇ ਕਰਕੇ ਦੁਬਾਰਾ **'ਜੰਮਣਾ ਵੀ ਸੌਖਾ-ਮਰਣਾ ਵੀ ਸੌਖਾ'** ਕਰੀਏ। ਇਹ ਸਭ ਰਸਮਾਂ ਕਰਕੇ ਆਖਿਰ ਕੀ ਹਾਸਿਲ ਹੁੰਦਾ ਹੈ। ਜਿਹੜੇ ਇਨਸਾਨ ਨੇ ਜਾਣਾ ਸੀ ਉਹ ਤਾਂ ਤੁਰ ਜਾਂਦਾ ਹੈ ਪਰ ਸਮਾਜ ਉਹਨਾਂ ਦੇ ਪਿਛਲੀਆਂ ਨੂੰ ਇਹ ਸਭ ਰਸਮਾਂ ਕਰਨ ਤੇ ਕਿਉਂ ਮਜ਼ਬੂਰ ਕਰਦਾ ਹੈ?

ਭੈਣੋਂ ਅਤੇ ਵੀਰੋ! ਸਾਨੂੰ ਆਪਣੀ ਸੂਝ ਬੂਝ ਤੋਂ ਕੰਮ ਲੈਣਾ ਚਾਹੀਦਾ ਹੈ ਅਤੇ ਆਪਣਾ ਸਮਾਂ ਅਤੇ ਪੈਸਾ ਬਚਾਉਣਾ ਚਾਹੀਦਾ ਹੈ।

**ਲੜਕੇ ਵਾਲਿਓ! ਦ੍ਰਿੜਤਾ ਨਾਲ ਪਹਿਰਾ ਦਿਓ।**

ਸਾਦੇ ਵਿਆਹ ਕਰੋ, **ਧੀਆਂ ਵਾਲਿਆਂ ਤੇ ਬੋਝ ਨਾ ਪਾਓ।** ਕਹਿੰਦੇ ਹਨ ਵਿਖਾਵਿਆਂ ਨਾਲ ਭਰਿਆ ਵਿਆਹ ਇਕ ਮੱਧਵਰਗੀ ਜਾਂ ਗਰੀਬ ਪਰਿਵਾਰ ਨੂੰ **ਘੱਟੋ ਘੱਟ ਦਸ ਸਾਲ ਪਿੱਛੇ ਪਾ ਦਿੰਦਾ ਹੈ** ਕਿਉਂਕਿ ਉਹ ਆਪਣੀ ਧੀ ਦੇ ਵਿਆਹ ਲਈ ਉਮਰ ਭਰ ਤੋਂ ਇਕੱਠੀ ਕੀਤੀ ਦੌਲਤ ਦੋ-ਚਾਰ ਦਿਨਾਂ ਵਿਚ ਹੀ ਵਿਖਾਵਿਆਂ ਤੇ ਲੁਟਾ ਦਿੰਦਾ ਹੈ।

**ਵਿਆਹ ਨਹੀਂ ਸਗੋਂ ਕੁੜੀ ਦੀ ਵਿੱਦਿਆ ਲਈ ਰਕਮ ਖਰਚੀਏ।**
**ਸਿਆਣੇ ਲੜਕੇ ਵਾਲੇ ਐਸੀ ਦੌਲਤ ਦਾ ਹੀ ਮੁੱਲ ਪਾਉਂਦੇ ਹਨ।**

# ਭਾਈਚਾਰਾ, ਬਿਨਾਂ ਨਹੀਂ ਕੋਈ ਚਾਰਾ

**– ਪ੍ਰੋ. ਸੁਖਜੀਤ ਸਿੰਘ**
ਗੁਰੂ ਨਾਨਕ ਦੇਵ ਇੰਜੀ. ਕਾਲਜ

ਲੁਧਿਆਣਾ ਵਿਖੇ ਇੱਕ ਪਿੰਡ ਹੈ ਰੁੜਕਾ। ਅਚਾਨਕ ਕਣਕ ਨੂੰ ਲੱਗੀ ਅੱਗ ਕਰਕੇ ਇੱਕ ਪਿੰਡ ਦੇ ਇੱਕ ਕਿਸਾਨ ਦੀ ਸਾਰੀ ਕਣਕ ਸੜਕੇ ਸੁਆਹ ਹੋ ਗਈ। ਉਸ ਕਿਸਾਨ ਨੇ ਅੱਧੇ ਤੋਂ ਜ਼ਿਆਦਾ ਜ਼ਮੀਨ ਠੇਕੇ ਤੇ ਲਈ ਹੋਈ ਸੀ। ਉਸ ਲਈ ਇਹ ਇੱਕ ਔਖੀ ਘੜੀ ਸੀ। ਖਰਚੇ ਵੀ ਕੀਤੇ, ਠੇਕਾ ਤਾਂ ਦੇਣਾ ਹੀ ਪਵੇਗਾ ਤੇ ਪੱਲੇ ਵੀ ਕੁਝ ਨ ਪਿਆ।

ਪਿੰਡ ਦੇ ਕੁਝ ਨੌਜੁਆਨਾਂ ਨੇ ਪਹਿਲ ਕਦਮੀਂ ਕਰਦਿਆਂ ਪਿੰਡ 'ਚੋਂ ਉਗਰਾਹੀ ਕਰਨੀ ਸ਼ੁਰੂ ਕਰ ਦਿੱਤੀ। ਆਪੋ ਆਪਣੀ ਸਮਰੱਥਾ ਅਨੁਸਾਰ ਕਿਸੇ ਨੇ 100, ਕਿਸੇ ਨੇ 500 ਤੇ ਕਈਆਂ 2000 ਤੋਂ 5000 ਰੁਪੈ ਤੱਕ ਵੀ ਦਿੱਤੇ। ਵਿਦੇਸ਼ਾ 'ਚ ਰਹਿੰਦੇ ਪਿੰਡ ਵਾਲਿਆਂ ਨਾਲ ਜਦੋਂ ਇਹ ਵਾਕਿਆ ਸਾਂਝਾ ਕੀਤਾ ਗਿਆ ਤਾਂ ਉਹਨਾਂ ਨੇ ਵੀ ਨੌਜੁਆਨਾਂ ਰਾਹੀਂ ਕਾਫੀ ਮਦਦ ਭੇਜੀ। ਜ਼ਮੀਨ ਦੇ ਮਾਲਕ ਨੇ ਜ਼ਮੀਨ ਦਾ ਠੇਕਾ ਨਾ ਲਿਆ। ਨੌਜੁਆਨਾਂ ਦੇ ਹੰਭਲੇ ਨਾਲ ਪੈਸੇ ਏਨੇ ਕੁ ਇਕੱਠੇ ਹੋ ਗਏ ਕਿ ਕਿਸਾਨ ਦਾ 8 ਸਾਲ ਪੁਰਾਣਾ ਕਰਜ਼ਾ ਵੀ ਉੱਤਰ ਗਿਆ। ਗੱਲ ਕੀ, ਪਿੰਡ ਵਾਲਿਆਂ ਦੇ ਭਾਈਚਾਰੇ ਨੇ ਇੱਕ ਕਿਸਾਨ ਫਾਹਾ ਲੈਣ ਤੋਂ ਬਚਾਅ ਲਿਆ।

ਜੇਕਰ ਸਾਰੇ ਪਿੰਡਾਂ ਵਾਲੇ ਇਸ ਤਰ੍ਹਾਂ ਦੀ ਭਾਈਚਾਰਕ ਸਾਂਝ ਬਣਾ ਲੈਣ ਤਾਂ ਸ਼ਾਇਦ ਹੀ ਕੋਈ ਕਿਸਾਨ ਖੁਦਕੁਸ਼ੀ ਕਰੇ, ਸ਼ਾਇਦ ਹੀ ਕੋਈ ਪੁੱਤ ਨਸ਼ੇ ਨਾਲ ਮਰੇ !

**ਆਓ ਨੌਜੁਆਨੋਂ, ਪਹਿਲ ਕਦਮੀਂ ਕਰੀਏ, ਜ਼ਿੰਮੇਵਾਰ ਬਣੀਏ**
**ਅਰਥੀਆਂ ਚੁੱਕਣ ਨਾਲੋਂ ਚੰਗਾ ਜ਼ਿੰਮੇਵਾਰੀਆਂ ਚੁੱਕ ਲਈਏ...**

ਸਾਡੇ ਸਮਾਜ ਨੂੰ ਦਰਪੇਸ਼ ਸਮੱਸਿਆਵਾਂ ਦਾ ਹੱਲ ਵੀ ਅਸੀਂ, ਉਸ ਸਮਾਜ 'ਚ ਰਹਿਣ ਵਾਲੇ ਲੋਕਾਂ ਨੇ ਹੀ ਕਰਨਾ ਹੈ। ਪਰ ਆਤਮਵਿਸ਼ਵਾਸ਼ ਦੀ ਘਾਟ ਕਰਕੇ ਅਸੀਂ ਪਹਿਲਕਦਮੀਂ ਨਹੀਂ ਕਰਦੇ। ਅਸੀਂ ਅਕਸਰ ਇਹ ਵੀ ਸੋਚ ਜਾਂਦੇ ਹਾਂ ਕਿ "ਮੇਰੇ ਇਕੱਲੇ ਨਾਲ ਕੀ ਫਰਕ ਪੈਣੈਂ???..."

ਪਰ ਸੱਜਣੋ! ਚੰਗਾ ਕੰਮ ਕਰਨ ਲਈ ਤੁਰੋ ਤਾਂ ਸਹੀ, ਕਦਮ ਤਾਂ ਪੁੱਟੋ, ਬਹੁਤ ਸਾਰੇ ਲੋਕ ਬਾਹਾਂ ਖਿਲਾਰ ਤੁਹਾਨੂੰ ਕਲਾਵੇ 'ਚ ਲੈਣ ਲਈ ਖੜ੍ਹੇ ਨੇ। ਮੰਨਦੇ ਹਾਂ ਕਿ ਇਸ ਰਸਤੇ ਤੇ ਚੱਲਦਿਆਂ ਤੁਹਾਡੀਆਂ ਲੱਤਾਂ ਖਿੱਚਣ ਵਾਲੇ, ਮਨੋਬਲ ਡੇਗਣ ਵਾਲੇ ਵੀ ਬਹੁਤ ਮਿਲਣਗੇ ਪਰ ਜੁਝਾਰੂਆਂ ਨੂੰ ਭਲਾ ਕਿਸ ਦੀ ਪਰਵਾਹ ਹੁੰਦੀ ਹੈ?? ਭਗਤ ਪੂਰਨ ਸਿੰਘ, ਬਾਬੇ ਈਦੀ ਵਰਗਿਆਂ ਇਸ ਤੇ ਮਿਸਾਲ ਕਾਇਮ ਕੀਤੀ ਹੈ।

# ਵਿਆਹ - ਕਰਜ਼ੇ ਜਾਂ ਮੰਗਵੇਂ ਪੈਸਿਆਂ ਨਾਲ ਨਹੀਂ

**ਡਾ. ਸੁਖਪ੍ਰੀਤ ਕੌਰ**
ਬਾਟਨੀ ਵਿਭਾਗ,

ਪੁਰਾਣੇ ਸਮਿਆਂ ਵਿੱਚ ਘਰ 'ਚ ਹੀ ਵਿਆਹ ਕੀਤੇ ਜਾਂਦੇ ਸਨ। ਉਸ ਤਰ੍ਹਾਂ ਦੇ ਵਿਆਹ ਅੱਜ ਦੇ ਵਿਆਹਾਂ ਨਾਲੋਂ ਸੌ ਗੁਣਾ ਚੰਗੇ ਸਨ। ਵਿਆਹ ਵਿਚ ਬੁਲਾਏ ਰਿਸ਼ਤੇਦਾਰ ਅਤੇ ਪਿੰਡ ਦੇ ਲੋਕ ਇਕੋ ਥਾਂ ਰਲ ਮਿਲ ਕੇ ਬੈਠਦੇ ਸਨ। ਸਾਰੇ ਵਿਆਹ ਤੇ ਬੁਲਾਏ ਹੋਏ ਭੈਣ-ਭਾਈ ਆਨੰਦ ਕਾਰਜ ਦੀ ਰਸਮ ਵੇਲੇ ਹਾਜਰ ਹੁੰਦੇ ਸਨ ਅਤੇ ਵਿਆਹ ਵਾਲੀ ਜੋੜੀ ਨੂੰ ਅਸੀਸਾਂ ਦਿੰਦੇ ਸਨ। ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਦਿਲੋਂ ਨਿਕਲੀ ਅਸੀਸ ਸ਼ਗਨ ਵਾਲੇ ਪੈਸਿਆਂ ਤੋਂ ਵੱਧ ਅਸਰਦਾਇਕ ਹੁੰਦੀ ਹੈ। ਜਿਵੇਂ-ਜਿਵੇਂ ਸਮਾਂ ਲੰਘਦਾ ਗਿਆ ਵੱਡੇ ਘਰ ਵੰਡਾਂ ਪੈ ਕੇ ਛੋਟੇ ਹੁੰਦੇ ਗਏ ਅਤੇ ਲੋਕ ਵੱਡੇ ਪਰਿਵਾਰਾਂ ਤੋਂ ਛੋਟੇ ਪਰਿਵਾਰਾਂ 'ਚ ਵੰਡੇ ਗਏ। ਵੱਡੇ ਪਰਿਵਾਰਾਂ 'ਚ ਘਰ ਦੇ ਮੈਂਬਰ ਆਪਣੇ ਦੁੱਖ ਇੱਕ-ਦੂਜੇ ਨਾਲ ਸਾਂਝੇ ਕਰਦੇ ਸਨ, ਜਿਸ ਨਾਲ ਉਹਨੂੰ ਕਦੇ ਦਿਮਾਗੀ ਤਣਾਅ ਦਾ ਸਾਹਮਣਾ ਨਹੀਂ ਕਰਨਾ ਪਿਆ।

ਅੱਜ ਦੇ ਦੌਰ 'ਚ ਪੈਲਸਾਂ ਵਿਚ ਵਿਆਹ ਕਰਨਾ ਲੋਕ ਆਪਣੀ ਲੋੜ ਸਮਝਣ ਲਗ ਪਿਆ, ਜਦ ਕਿ ਇਹ ਸਿਰਫ ਫਜ਼ੂਲ ਖਰਚੀ ਹੈ। ਜਿਸ ਕੋਲ ਪੈਸਾ ਨਾ ਵੀ ਹੋਵੇ ਤਾਂ ਵੀ ਉਹ ਕਰਜਾ ਚੁੱਕ ਕੇ ਪੈਲਸ ਵਿਚ ਵਿਆਹ ਕਰਦਾ ਹੈ। ਕਈ ਲੋਕ ਤਾਂ ਆਪਣੇ ਆਪ ਨੂੰ ਵੱਡਾ ਦਿਖਾਉਣ ਲਈ ਕਰਜਾ ਚੁੱਕ ਕੇ ਸੱਭ ਤੋਂ ਮਹਿੰਗਾ ਪੈਲਸ ਬੁੱਕ ਕਰਵਾਉਂਦੇ ਹਨ ਜਿਸ ਦੀ ਸਿਰਫ ਇਮਾਰਤ ਹੀ ਸੋਹਣੀ ਹੁੰਦੀ ਹੈ ਪਰ ਖਾਣਾ ਨਹੀਂ।

ਇੱਕ ਦਿਨ ਦੀ ਪੈਲਸ ਦੀ ਰੌਸ਼ਨੀ ਜਿੰਦਗੀ 'ਚ ਕਈ ਸਾਲਾਂ ਲਈ ਹਨੇਰਾ ਭਰ ਜਾਂਦੀ ਹੈ। ਜਦੋਂ ਇਹ ਹਨੇਰਾ ਦੂਰ ਨਹੀਂ ਹੁੰਦਾ ਤਾਂ ਉਹ ਇਸ ਵਿਚ ਹੀ ਆਪਣੀ ਜ਼ਿੰਦਗੀ ਖਤਮ ਕਰਨ ਲਈ ਬੇਵਸ ਹੋ ਜਾਂਦਾ ਹੈ। ਇਨਸਾਨ ਦੀ ਖੁਸ਼ੀ ਅਤੇ ਗਮੀ ਆਪਣੇ ਹੱਥ ਵਿਚ ਹੁੰਦੀ ਹੈ। ਸਾਦੇ ਵਿਆਹ ਕਰਕੇ ਉਹ ਪੈਲਸਾਂ ਦੀ ਫਜ਼ੂਲ ਖਰਚੀ ਅਤੇ ਕਰਜੇ ਤੋਂ ਬਚ ਸਕਦਾ ਹੈ। ਜ਼ਿੰਦਗੀ ਜਿਉਣ ਲਈ ਇੱਕ ਚੰਗੀ ਸੋਚ ਅਪਣਾਈਏ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਾਲ ਜੁੜੀਏ ਕਿਉਂਕਿ ਜ਼ਿੰਦਗੀ ਨੂੰ ਸਹੀ ਢੰਗ ਨਾਲ ਜਿਉਣ ਲਈ ਗੁਰਬਾਣੀ ਹੀ ਰਾਹ ਦਿਖਾਉਂਦੀ ਹੈ। ਜਿਸ ਤੇ ਚਲ ਕੇ ਜ਼ਿੰਦਗੀ ਨੂੰ ਚੜ੍ਹਦੀ ਕਲਾ ਨਾਲ ਜੀ ਸਕਦੇ ਹਾਂ।

## ਜੀਵਨ ਹੀ ਸਾਦਾ ਬਣੇ

ਇਕਲੇ ਵਿਆਹ ਅਤੇ ਭੋਗ ਹੀ ਸਾਦੇ ਨਹੀਂ ਕਰਨੇ, ਸਗੋਂ ਅਸੀਂ ਆਪਣੇ ਸਮੁਚੇ ਜੀਵਨ ਵਿਚ ਸਾਦਗੀ ਲੈ ਕੇ ਆਉਣੀ ਹੈ।

# Real preparations for wedding

**Dr. Harprit Kaur**
Head, Psychology, PUP

When I asked the parents of the bride if the preparations for her wedding were complete, they enumerated the whole list. It included the wedding invites, the bookings of the wedding and lunch venues, the exhaustive detailed menu of the feasts, the decorations and music for the festivities, the "DAJ" and the gifts for relatives, the whole range of innovative initiatives to make the occasion a combination of the solemn rituals and the customary celebrations.

When I asked the grooms family about the preparations for the wedding, even they were excitedly ready. They too enumerated the wedding invites and sweets, the fun and frolic, and also making place in the house for the bride and the worldly gifts that would accompany her.

The grandparents were looking forward to wedding as an opportunity of meeting the relatives and being able to find people to talk to; and were already thinking of the prospective great grand children. This was being viewed by them as the ultimate show of their families' social status and networking; to prove to the world that their life had been purposefully spent.

Is this preparation for a wedding? Or is this just a preparation for the celebrations?

As a psychologist I believe that this is no where near the preparation for wedding.

Only that groom and his family are prepared for a wedding who **have mentally and heartily decided to accept a daughter in the house**. Only that bride and her family are ready for a wedding who have decided for the girl to move on in her life and make a new family. Those families are ready for a wedding **who are not in competition to prove their worldly riches but are willing to**

**share their insights into values of life with another family so they could both become richer in their experiences about life.** The two families could pool their resources to set up a beginning for the newlywed couple to start their new unit rather than spend it on multiple parties to try an impossible task of pleasing the larger families**. The two families must be ready to let the new couple find their warm relatedness by providing external support rather than trying to impose and exhibit to the world the supremacy of one over the other.** With small families irrespective of the gender the newly weds must be made aware of their responsibilities towards both their elders when the need be but also must be made responsible to earn and maintain their unit rather than been dependent for riches and for decision making on the elders. **If the couple is not adept to do so then they are not ready for marriage yet.**

The couples' preparation is complete when they are both aware and prepared regarding what they are to contribute towards their new unit rather than focusing on what they will get out of the wedlock. The couple is ready when they are aware that the spouse is going to be different and not better or worse; and that they as a unit would be enriched due to these differences. Just as we accept our mother and father and brothers and sisters, and we continue to love them although they do not fully conform to our view of the world, the same must be true for the new family whom we embrace through marriage. And if this has been clearly discussed and inculcated in the bride and groom alike, then the preparations for the wedding are complete.

**Wedlock is an opportunity to create a sense of belongingness and a common path towards life goals, both material as well as spiritual**. If the couple can relate for the same then the wedding is ready. When the couple can share the socio- culturally significant elements of both the households then the couple is ready for marriage.

Let us sit with our children and talk and discuss about these issues as a preparation rather than about the shade of the invitation card and the colour of the wedding attire. Let us sit with them and talk about these issues rather then the size of the house. Let us enrich our next generation with a life perspective rather than **daj** and **wari**. Lets make them HAPPY rather than proving to OTHERS that we are happy. Lets prepare them for married life rather than for the festivities of life events.

**ਸ਼ਾਬਾਸ਼ !**

ਪਿਛਲੇ ਦਿਨੀਂ ਭਾਰਤੀ ਸੰਸਦ ਵਿੱਚ ਇੱਕ ਪ੍ਰਾਈਵੇਟ ਮੈਂਬਰ ਬਿਲ ਰਾਹੀਂ ਇਹ ਕਾਨੂੰਨ ਬਣਾਉਣ ਦੀ ਮੰਗ ਕੀਤੀ ਗਈ ਕਿ ਜੋ ਵੀ ਵਿਆਹ ਤੇ 5 ਲੱਖ ਤੋਂ ਵੱਧ ਖਰਚਾ ਕਰੇਗਾ ਉਸ ਉੱਤੇ ਵਾਧੂ ਟੈਕਸ ਲਗਾ ਕੇ ਗਰੀਬ ਕੁੜੀਆਂ ਦੇ ਵਿਆਹ ਕੀਤੇ ਜਾਣ। ਵਿਆਹ ਸਮੇਂ ਲਗਾਏ ਜਾਂਦੇ ਅਡੰਬਰ ਘਟਾਏ ਜਾਣ, ਪਕਵਾਨਾਂ ਤੇ ਮਿਹਮਾਨਾਂ ਦੀ ਗਿਣਤੀ ਕੰਟਰੋਲ ਕੀਤੀ ਜਾਵੇ।

ਸ਼ਾਬਾਸ਼! ਚੰਗੀ ਪਹਿਲ ਹੈ। ਜੇ ਸਰਕਾਰ ਵਲੋਂ ਹੀ ਅਜਿਹਾ ਕਦਮ ਪੁਟਿਆ ਜਾਵੇ ਤਾਂ ਸਮਾਜ ਸੁਧਾਰ ਛੇਤੀ ਹੀ ਹੋ ਸਕਦਾ ਹੈ।

**ਵਿਆਹ ਖੁਸ਼ੀ ਨਹੀਂ ਹਊਆ ਬਣ ਜਾਣਗੇ**

ਭਾਰਤ ਵਿਚ ਇਕ ਸਾਲ ਵਿਚ ਔਸਤਨ **ਇਕ ਲੱਖ ਕਰੋੜ ਰੁਪਏ** ਕੇਵਲ ਵਿਆਹਾਂ ਤੇ ਹੀ ਖਰਚ ਕੀਤੇ ਜਾਂਦੇ ਹਨ। ਇਹ ਖਰਚਾ ਹਰ ਸਾਲ ਦੇਖਾ-ਦੇਖੀ ਔਸਤਨ 25 ਤੋਂ 30 ਫੀਸਦੀ ਵਧਦਾ ਜਾ ਰਿਹਾ ਹੈ।

ਜੇ ਇਹ ਇੰਝ ਹੀ ਚਲਦਾ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ **ਆਮ ਲੋਕਾਂ ਲਈ ਵਿਆਹ ਖੁਸ਼ੀ ਨਹੀਂ ਹਊਆ ਬਣ ਜਾਣਗੇ।**

# Extravagant Weddings: Voicing Concerns

**- Dr. Hardeep Kaur**
Punjabi University, Patiala

Indian culture is very rich and has lots of customs and traditions for every occasion, may it be birth of a new born, death or marriage. Marriages are the most significant social events and biggest celebrations of the families India. Decades ago, traditionally all the events of the wedding were taken care of by the family members. Marriage ceremony as such began with simple rituals referred to as shagun which were in no way related to financial status of the families. All members of the family had a role to play with no inner or outer pressures.

All the traditional cultural practices related to various stages of life, one of them being marriage have not faded but have revitalized. Over years, changes have been observed not only in the marriage trends but also in the expenditure related to marriage. Now when we talk of extravagant and lavish weddings in Punjab, again it is not related to only financially well off families but also the ones with average income too. The middle class tend to spend more money than they have. It is the girl's side which bears the maximum burden. These high expenditures on weddings over the years fuel issues like female foeticide, infanticide, poverty, malnutrition, illiteracy and even suicides. In other words, one wedding can set a man back by a decade as he struggles to repay the loan he has taken for his daughter's wedding.

Pressure of what is to be given and also of what is to be taken unfortunately is less related to one's financial condition but more to the cultural scenario one is living in. A more appropriate reference would be "The latest trends going on ".Which in turn are the reflections of societal pressures. Some of the reasons as to why these trends are followed are the changing lifestyle of people, socio-

economic changes in the society, effect of internet and connectivity to the whole world. All this is largely reflected though different kind of food, attire, customs & tradition observed by different cultural communities, now when seen with reference to Punjab it is too lavish.

Hence the major issues that needs to be addressed are not only to curb the expenditure, but there is also need to work on the thought process, the mind set of society at large and also the stake holders. This in the long run will decrease the pressure on the concerned individuals and their families. For this there is a need to involve the youth and their families in the awareness and sensitization drive.

**ਕੁੱਝ ਵਿਲੱਖਣ ਵਿਆਹ**

1. ਲੁਧਿਆਣਾ ਦੇ ਸ. ਦਿਵਜੋਤ ਸਿੰਘ ਜੋ ਕਿ ਅਮਰੀਕਾ ਤੋਂ CPA ਦੀ ਡਿਗਰੀ ਕਰਕੇ ਆਇਆ ਸੀ ਤੇ ਬੀਬਾ ਜਲਨਿਧ ਕੌਰ ਜੋ Oxford University ਤੋਂ M.Phil (Economics) ਕਰਕੇ ਆਈ ਸੀ, ਨੇ ਫਿਜ਼ੂਲ ਖਰਚੀ ਤੋਂ ਬੱਚ ਕੇ ਸਾਦਾ ਪਰ ਪ੍ਰਭਾਵਸ਼ਾਲੀ ਤੇ ਅਨੰਦਮਈ ਵਿਆਹ ਸਮਾਗਮ ਕੀਤਾ। ਦੋਹਾਂ ਪਰਿਵਾਰਾਂ ਨੇ ਦੱਸ ਲੱਖ ਰੁਪਏ ਨਾਲ ਇਕ Divjal Aspirations Building Fund ਬਣਾਇਆ ਤਾਂ ਜੋ ਲੋੜਵੰਦ ਅਤੇ ਕਿਸਾਨ ਖੁਦਕੁਸ਼ੀਆਂ ਦੇ ਪਰਿਵਾਰਾਂ ਦੇ ਬੱਚਿਆਂ ਦੀ ਵਿਦਿਆ ਲਈ ਵਜੀਫੇ ਦਿੱਤੇ ਜਾ ਸਕਣ।
2. ਮਹਾਰਾਸ਼ਟਰ ਦੇ ਇੱਕ ਵਾਪਾਰੀ ਮਨੋਜ਼ ਮਨੌਟ ਨੇ ਆਪਣੀ ਲੜਕੀ ਦਾ ਵਿਆਹ ਸਾਦਾ ਕੀਤਾ ਤੇ ਬਚਾਏ ਪੈਸੇ ਨਾਲ 90 ਗਰੀਬ ਪਰਿਵਾਰਾਂ ਦੇ ਘਰ ਬਣਵਾਏ।
3. ਵਿਜੈਵਾੜਾ ਦੇ ਸਬ-ਕਲੈਕਟਰ ਡਾ. ਸਲੋਨੀ ਸਿਧਾਣਾ ਅਤੇ ਅਖਿਲੇਸ਼ ਵਸ਼ਿਸ਼ਟ ਨੇ ਕੇਵਲ 500/- ਰੁਪੈ ਕੋਰਟ ਫੀਸ ਦੇ ਕੇ ਵਿਆਹ ਕਰਵਾਇਆ।
4. ਅਭੇ ਦੇਵਾੜੇ ਅਤੇ ਪ੍ਰੀਤੀ ਕੁੰਭਾਰੇ ਵੱਲੋਂ ਵਿਆਹ ਸਮੇਂ ਖੁਦਕੁਸ਼ੀਆਂ ਤੋਂ ਪੀੜਤ 5 ਕਿਸਾਨ ਪਰਿਵਾਰਾਂ ਨੂੰ 20000/- ਰੁਪੈ ਪ੍ਰਤੀ ਪਰਿਵਾਰ ਅਤੇ 5 ਪਿੰਡਾਂ ਵਿਚ ਲਾਇਬ੍ਰੇਰੀਆਂ ਲਈ 52000/- ਰੁਪੈ ਦੀਆਂ ਕਿਤਾਬਾਂ ਸਹਾਇਤਾ ਵਜੋਂ ਦਿੱਤੀਆਂ।

ਵਾਹ ਕਮਾਲ! ਐਸੇ ਨੌਜਵਾਨਾਂ ਨੂੰ ਸ਼ਾਬਾਸ਼। ਪੰਜਾਬੀ ਨੌਜਵਾਨਾਂ ਨੂੰ ਵੀ ਅਜਿਹੇ ਕਾਰਜ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।

# Deteriorating condition of Punjabi Songs: A Serious threat to Punjabi Culture

**Sumedha Bhandari**
Asstt. Professor, English

I recently had the privilege to attend a lavish wedding hosted by a wealthy family of Punjab. The exuberance of the family was equally matched to the extravagance of the decorations. From life-size posters donning the entrance to trumpet vines adorning the gates, it was a paradise on earth. As we entered the wedding arena, I was jolted by the cacophony of the musical notes. Though, the stage was well-lit by the colourful play of lights, the words spurned by the singers sounded reprehensible, if not blasphemous to my ears. My eight year old daughter, who had first time in life heard metaphors like "Mashook te Bandook" was aghast at the chastity of words being so conveniently flouted. While I tried my level best to cover her ears, or provide a concocted meaning to the gruesome reality that stared in my face, I myself could not grasp this enormous downfall of Punjabi culture.

I had grown up in a Punjab that resonated in the notes of **"lathe di chadar"** and **"bajre da sitta"**. Where will our progeny find those lyrics that celebrated our union with the soil of Punjab? How would they understand the true essence of Punjab, if they have never seen lathe di chadar or eaten the succulent meal made out of the grains of Bajra. Festivals like Basant Panchmi and Baisakhi are merely reduced to DJ parties and "Putt jatta de" phrases.

When we talk of our Punjab being an epitome of culture and tradition, we need to retrospect what culture are we gifting our children. **A culture that is dictated by the flow of pink notes and the spectacle of flamboyance will only lead its recipients to a path of decay and downfall.** Today, Punjab is in the grip of depression

and suicide. Our households are overshadowed by the loneliness that has been caused by the money divide. In the pursuit of happiness, we are treading the wrong path of pomposity. The youth is getting attracted to the show-off of swanky cars and lavish weddings. To add fuel to the fire, the present music videos and songs patronise this attitude.

Shakespeare once said **"Music is the food for the soul." If the genre of music is explored in the right manner, we can create a Punjab that stands united for its fight against depression**. Songs of brotherhood and unity will only be able to bring back the past glory of Punjab. If the youth are guided towards **soulful music**, they would start focussing on the deeper truths of life, thereby, turning them away from the **culture of money and flamboyance**. It is time that the singers of Punjab rise to their responsibility and start penning songs that help Punjab come out of its bout of depression. It is time we shun the culture of ostentation and embrace the humility of Punjabi soil. **It is time to get our hands dirty in the fields and get our minds purified through the musical notes.**

**ਵਾਹ – ਵਾਹ**

ਮੈਂ ਹੁਣੇ ਹੀ ਆਪਣੀ ਬੇਟੀ ਦਾ ਵਿਆਹ ਸਾਦੇ ਤੇ ਵਿਲੱਖਣ ਢੰਗ ਨਾਲ ਕੀਤਾ ਹੈ। ਇਕੋ ਸਮਾਗਮ, ਘੱਟ ਇਕੱਠ, ਘੱਟ ਪਕਵਾਨ ਤੇ ਵੱਧ ਅਨੰਦ ਭਰਿਆ ਸਮਾਗਮ ਸੀ। ਮੈਨੂੰ ਵਾਧਾਈਆਂ ਵੱਧ ਮਿਲੀਆਂ ਤੇ ਹੁਣ ਵੀ ਮਿਲ ਰਹੀਆਂ ਹਨ।

ਪਤਾ ਨਹੀਂ ਕਿਉਂ ਲੋਕ ਸੋਚਦੇ ਹਨ ਕਿ ਪੈਲੇਸ ਵਿਚ ਵਾਧੂ ਵਿਖਾਵਾ ਕਰਕੇ ਹੀ ਵਾਹ–ਵਾਹ ਮਿਲਦੀ ਹੈ।

# ਫੀਡ ਬੈਕ

ਪੁਸਤਕ - ਸਾਦੇ ਵਿਆਹ, ਸਾਦੇ ਭੋਗ

ਮੇਲੇ ਤੋਂ ਕੱਲ 'ਸਾਦੇ ਵਿਆਹ, ਸਾਦੇ ਭੋਗ' ਦੀ ਕਿਤਾਬ ਲੈ ਕੇ ਆਏ ਸੀ। ਅਸੀਂ ਪੜੀ। ਮੈਂ ਤੇ ਮੇਰਾ ਇਕ ਦੋਸਤ - ਅਸੀਂ ਸਲਾਹ ਕੀਤੀ ਕਿ ਵੱਧ ਤੋਂ ਵੱਧ ਵੰਡੀਏ। ਸਾਨੂੰ 100 ਕਿਤਾਬ ਚਾਹੀਦੀ ਹੈ ਜੀ। ਪਿੰਡਾਂ ਵਿੱਚ ਹੁਣ ਸਿਆਣੇ ਲੋਕ ਚੁਪ ਕਰੀ ਬੈਠੇ ਹਨ। ਕੋਈ ਨਹੀਂ ਬੋਲਦਾ। ਮਾੜੇ ਅੱਗੇ ਆਏ ਹੋਏ ਹਨ। ਅਸੀਂ ਕੁਝ ਕਰਨਾ ਚਾਹੁੰਦੇ ਹਾਂ।

23/9/17 **ਬਲਦੇਵ ਸਿੰਘ**

ਪਿੰਡ ਫਰਵਾਹੀ, ਜਿਲ੍ਹਾ ਬਰਨਾਲਾ

ਇਹ ਕਿਤਾਬ ਤੇ ਨਾਅਰਾ ਦੇ ਕੇ ਯੂਨੀਵਰਸਿਟੀ ਨੇ ਕਿਸਾਨਾਂ 'ਤੇ ਬਹੁਤ ਵੱਡਾ ਪਰਉਪਕਾਰ ਕੀਤਾ ਹੈ। ਮੈਂ ਪੂਰੀ ਤਰ੍ਹਾਂ ਸਹਿਮਤ ਹਾਂ। ਸਕੂਲਾਂ ਵਿਚ ਤੇ ਪਿੰਡਾਂ ਦੇ ਸਰਪੰਚਾਂ ਨੂੰ ਮੈਂ ਇਹ ਕਿਤਾਬ ਵੰਡਾਂਗਾ। ਇਸ ਦਾ ਇਕ-ਇਕ ਲੇਖ ਬੇਸ਼ਕੀਮਤੀ ਹੈ। ਵੀ.ਸੀ. ਸਾਹਿਬ ਨੂੰ ਵਧਾਈ।

24/9/17 **ਕਰਮਜੀਤ ਸਿੰਘ**

ਪਿੰਡ ਚੁਗਾਵਾਂ, ਜਿਲ੍ਹਾ ਅੰਮ੍ਰਿਤਸਰ

ਬਹੁਤ ਚੰਗਾ ਉਪਰਾਲਾ ਪਰ ਤੁਸੀਂ ਕੇਵਲ ਕਿਸਾਨਾਂ ਨੂੰ ਕਹਿ ਰਹੇ ਹੋ। ਸ਼ਹਿਰ ਵਾਲਿਆਂ ਨੂੰ ਵੀ ਕਹੋ। ਨਾਲੇ ਚਾਦਰ ਵੱਡੀ ਕਰਨ ਦੀ ਵੀ ਪ੍ਰੇਰਣਾ ਕਰੋ ਭਾਵ ਕਿ ਨੌਜਵਾਨ ਕੰਮ ਕਰਨ, ਕੰਮ ਤੋਂ ਜੀਅ ਨਾ ਚੁਰਾਉਣ। ਮਿਹਨਤੀ ਬਣਨ ਤਾਂ ਹੀ ਪੰਜਾਬ ਦਾ ਭਲਾ ਹੋਵੇਗਾ।

24/9/17 **ਪੁਨੀਤ ਸਿੰਘ**

ਪਖੋਵਾਲ ਰੋਡ, ਲੁਧਿਆਣਾ

ਕਿਤਾਬ ਪੜ੍ਹੀ ਅਤੇ ਘਰ ਵਾਲਿਆਂ ਨੂੰ ਪੜ੍ਹਣ ਨੂੰ ਕਿਹਾ। ਪਰ ਘਰਵਾਲੀ ਨਾਲ ਕਲੇਸ਼ ਪੈ ਗਿਆ। "ਅੱਛਾ, ਹੁਣ ਕੁੜੀ ਨੂੰ ਬਿਨ੍ਹਾਂ ਕੁਝ ਦਿੱਤੇ ਹੀ ਤੋਰ ਦੇਈਏ, ਤੁਸੀਂ ਤਾਂ ਚਾਹੁੰਦੇ ਹੋ ਕੇ ਕੋਈ ਖਰਚਾ ਨਾ ਹੋਵੇ।" ਮੇਰੇ ਕੋਲ 76 ਕਿਲੇ ਜਮੀਨ ਹੈ, ਪਰ ਬੱਚਿਆਂ ਦੇ ਵਿਆਹ ਸਾਦੇ ਕਰਨਾ ਚਾਹੁੰਦਾ ਹਾਂ। ਸਮੱਸਿਆ ਦਾ ਹੱਲ ਦੱਸੋ ਜਾਂ ਕਿਸੇ ਸੀਨੀਅਰ ਨਾਲ ਮੇਰੀ ਗੱਲ ਕਰਵਾਓ।

28/9/17 **ਪਿੰਡ ਖੁੰਨਣ ਖੁਰਦ, ਸ਼੍ਰੀ ਮੁਕਤਸਰ ਸਾਹਿਬ**

ਜਿਆਦਾ ਵੱਡਾ ਬਿਜ਼ਨਿਸ ਹੋਣ ਕਰਕੇ ਏਹੀ ਸੋਚਦਾ ਰਿਹਾ ਕਿ ਵਿਆਹ ਤੇ ਕਰੋੜ ਰੁਪਇਆ ਲਾਵਾਂਗਾ। ਪਰ ਪੁਸਤਕ ਵਿੱਚ ਪੜਿਆ ਕੇ ਲੁਧਿਆਣੇ ਦੀ ਇੱਕ ਬੇਟੀ ਦੇ ਵਿਆਹ ਨੇ ਮਿਸਾਲ ਕਾਇਮ ਕਰ ਦਿੱਤੀ। ਮੈਂ ਵੀ ਸਾਦਾ ਵਿਆਹ ਕਰਵਾਵਾਂਗਾ। ਅਜਿਹੇ ਵਿਆਹਾਂ ਨੂੰ ਪ੍ਰਚਾਰਣ ਦੀ ਬਹੁਤ ਲੋੜ ਹੈ।

28/9/17 **ਅਮਨਦੀਪ ਸਿੰਘ**

ਪਟਿਆਲਾ

ਕਿਤਾਬ ਬਹੁਤ ਹੀ ਚੰਗੀ ਲੱਗੀ। ਸਾਨੂੰ 50 ਕਿਤਾਬਾਂ ਚਾਹੀਦੀਆਂ ਹਨ।

09/10/17 **ਸਮਰਾਲਾ, ਜਿਲਾ ਲੁਧਿਆਣਾ**

ਚਾਦਰ ਵੇਖ ਕੇ ਪੈਰ ਪਸਾਰੋ
ਲੋਕਾਂ ਦੀ ਰੀਸੇ, ਆਪਣੇ ਘਰ ਨਾ ਉਜਾੜੋ

ਵਿਆਹ ਵਾਸਤੇ ਲਿਆ ਕਰਜ਼
ਬਣ ਜਾਂਦਾ ਜੀਵਨ ਮਰਜ਼

ਪੰਜਾਬੀਓ!
ਉਠੋ! ਜਾਗੋ!! ਕਦਮ ਉਠਾਓ,
ਸਾਦਾ ਖਾਓ, ਸਾਦਾ ਪਾਓ,
ਚਿੰਤਾ, ਕਰਜ਼ੇ ਦੂਰ ਭਜਾਓ,
ਖੁਦਕੁਸ਼ੀਆਂ ਤੋਂ ਮੁਕਤੀ ਪਾਓ,
ਜੀਵਨ ਨੂੰ ਖੁਸ਼ਹਾਲ ਬਣਾਓ

ਵਿਖਾਵੇ ਵਾਲੇ ਵਿਆਹ, ਕਰਦੇ ਘਰ ਤਬਾਹ

ਵਿਆਹਾਂ ਸਮੇਂ ਵਿਖਾਵਾ, ਦਿਨ ਚਾਰ ਦਾ
ਕਰਜ਼ਾ ਤੇ ਪਛਤਾਵਾ, ਭਰ ਉਮਰ ਦਾ

ਕਰਜ਼ੇ ਤੋਂ ਜੇ ਬਚ ਕੇ ਰਹਿਣਾ
ਵਿਖਾਵਾ ਫਿਰ ਛੱਡਣਾ ਹੀ ਪੈਣਾ

ਪੰਜਾਬ ਦੀ ਆਣ, ਬਾਣ ਅਤੇ ਸ਼ਾਨ
ਖੁਦਕੁਸ਼ੀ ਮੁਕਤ ਕਿਸਾਨ

ਜ਼ਿੰਦਗੀ ਅਨਮੋਲ

ਜ਼ਿੰਦਗੀ ਜ਼ਿੰਦਾ ਦਿਲੀ

ਕੀ ਤੁਸੀਂ ਉਦਾਸ ਹੋ?.... ਪਰੇਸ਼ਾਨ ਹੋ?...
ਕੀ ਤੁਹਾਡੇ ਆਲੇ ਦੁਆਲੇ ਕਰਜ਼ੇ / ਨਸ਼ੇ / ਘਰੇਲੂ ਲੜਾਈਆਂ ਤੋਂ ਪਰੇਸ਼ਾਨ ਪਰਿਵਾਰ ਹਨ?
ਆਉ! ਉਹਨਾਂ ਦੀ ਸਾਰ ਲਈਏ।

# ਮੁਸ਼ਕਿਲਾਂ ਨਾਲ ਜੂਝਣਾ ਸਿਖੀਏ ਤੇ ਸਿਖਾਈਏ

## ਖੁਦਕੁਸ਼ੀਆਂ ਰੋਕੀਏ, ਪਰੇਸ਼ਾਨੀਆਂ ਨਾਲ ਜੂਝੀਏ

- ਹਰ ਮਨੁੱਖ ਵਿਲੱਖਣ (unique) ਹੈ। ਆਪਣੇ ਆਪ ਤੇ ਭਰੋਸਾ ਰੱਖੀਏ।
- **ਜੇ ਸੁੱਖ ਸਦਾ ਨਹੀਂ ਰਹਿੰਦਾ ਤਾਂ ਦੁੱਖ ਵੀ ਹਮੇਸ਼ਾ ਨਹੀਂ ਰਹਿਣਾ। ਦੁੱਖ ਵੇਲੇ ਆਪਣੇ ਸੁੱਖਾਂ ਦੇ ਪਲ ਯਾਦ ਕਰੀਏ। ਦੁੱਖਾਂ ਦੀ ਨਹੀਂ ਸਗੋਂ ਸੁੱਖਾਂ ਦੀ ਗਿਣਤੀ ਕਰੀਏ।**
- ਜਿਵੇਂ ਸਰੀਰਕ ਰੋਗ ਹੁੰਦਾ ਹੈ, ਉਵੇਂ ਹੀ ਮਾਨਸਿਕ ਪੀੜ ਹੁੰਦੀ ਹੈ। ਕਿਸੇ ਚੰਗੇ ਇਨਸਾਨ ਨੂੰ ਆਪਣੀ ਮਾਨਸਿਕ ਪੀੜ ਦੱਸਣ ਨਾਲ ਇਹ ਠੀਕ ਹੋਵੇਗੀ, ਛੁਪਾਉਣ ਨਾਲ ਪਰੇਸ਼ਾਨੀ ਵਧੇਗੀ ।
- **ਮੁਸ਼ਕਿਲਾਂ ਸਾਨੂੰ ਮਜ਼ਬੂਤ ਬਣਾਉਂਦੀਆਂ ਹਨ। ਡਰੀਏ ਨਾ, ਡਟੀਏ! ਜੂਝੀਏ!!**
- ਸੁਸਤ ਲੋਕ ਕਦੇ ਖੁਸ਼ਹਾਲ ਨਹੀਂ ਹੁੰਦੇ, ਖੁਸ਼ਹਾਲ ਲੋਕ ਕਦੇ ਸੁਸਤ ਨਹੀਂ ਹੁੰਦੇ।
- **ਚੰਗਾ ਜੀਵਨ ਜੀਉਣ ਲਈ ਵਾਧੂ ਇਛਾਵਾਂ ਤੇ ਕਾਬੂ ਪਾਈਏ, ਗਲਤ ਰੀਸਾਂ ਨਾ ਕਰੀਏ, ਬੇਲੋੜੇ ਖਰਚਿਆਂ ਤੋਂ ਬੱਚੀਏ। ਵਿਖਾਵੇ ਤਿਆਗੀਏ। ਸਾਦਾ ਜੀਵਨ ਜੀਉਣ ਵਿਚ ਮਾਣ ਮਹਿਸੂਸ ਕਰੀਏ। ਸਾਦੇ ਵਿਆਹ, ਸਾਦੇ ਭੋਗ ਦੀ ਲਹਿਰ ਚਲਾਈਏ।**
- ਪਿੰਡਾਂ/ਸਹਿਰਾਂ ਵਿਚ ਸਮਾਜਿਕ ਭਾਈਚਾਰਾ ਮਜ਼ਬੂਤ ਕਰੀਏ।
- **ਆਪਣੇ ਆਪ ਨੂੰ ਕਮਜ਼ੋਰ ਸਮਝਣਾ ਇੱਕ ਪਾਪ ਹੈ।**
- ਹਰ ਕੋਈ ਕਦੀ ਨਾ ਕਦੀ ਉਦਾਸ ਹੁੰਦਾ ਹੈ। ਪਰ ਲੰਮਾ ਚਿਰ ਉਦਾਸ ਨਾ ਰਹੋ। ਕਿਸੇ ਨਾਲ ਗੱਲ ਕਰੋ।
- **ਹਰ ਵੇਲੇ ਪਰਮਾਤਮਾ ਦਾ ਸ਼ੁਕਰਾਨਾ ਕਰੀਏ। ਗੁਣਾਂ ਵਿਚ ਆਪਣੇ ਤੋਂ ਉਪਰ ਵਾਲੇ ਵਲ ਤੇ ਪੈਸੇ ਵਿਚ ਆਪਣੇ ਤੋਂ ਹੇਠਾਂ ਵਾਲੇ ਵਲ ਵੇਖੀਏ ਤਾਂ ਖੁਸ਼ੀ ਮਿਲਦੀ ਹੈ।**
- ਮੁਸ਼ਕਿਲਾਂ ਸਭ ਤੇ ਆਉਂਦੀਆਂ ਹਨ, ਭੱਜਣਾ ਜਾਂ ਰੋਣਾ ਨਹੀਂ, ਜੂਝਣਾ ਪਵੇਗਾ।

**ਮੁਸ਼ਕਿਲਾਂ ਵਿਚ ਘਿਰੇ ਪਰਿਵਾਰਾਂ ਨੂੰ ਹੱਲਾਸ਼ੇਰੀ ਦੇਈਏ, ਉਤਸ਼ਾਹਤ ਕਰੀਏ।**

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ 35 ਸਾਲ ਤੋਂ ਘਟ ਉਮਰ ਦੇ ਪੇਂਡੂ ਨੌਜਵਾਨਾਂ ਨੂੰ ਮਨੋਵਿਗਿਆਨਕ ਮੁੱਢਲੀ ਸਹਾਇਤਾ (Psychological First Aid) ਦੀ ਮੁਫਤ ਸਿਖਲਾਈ ਦੇ ਰਹੀ ਹੈ।

**ਵਲੰਟੀਅਰ ਬਣੋ – ਸੰਪਰਕ ਕਰੋ – 08360684948, www.utshah.org**

**Dr. Sarabjeet Singh**
**Department of Agricultural Journalism, Languages and Culture,**
**Punjab Agricultural University, Ludhiana.**